1347 G

ਸਾਰਾ ਸਰਬੰਦ

ਪਾਠਕ- ਸ.

Digitized by Panjab Digital Library | www.panjabdigilib.org

8Ƨl·2
ਪ੦ਕ-ਮ

262—3-4-61—30,000—C. P. and S. Pb. Patiala.

Accn. No. 1347-G

Class No. ________ Book No. ________

Author ਬਰਕਤ ਸਿੰਘ

Title ਸਾਕਾ ਸਰਹੰਦ

| Issued on | Borrower's Signature | Returned on |
| --- | --- | --- |
| | | |
| | | |
| | | |

LANGUAGE DEPARTMENT
LIBRARY, PUNJAB.

1. Books are issued for............days only.
2. Books may be renewed on request at the discretion of the Librarian.
3. Dog-earing the pages of a book, marking or writing therein with ink or pencil, tearing or taking out its pages or otherwise damaging it will constitute an injury to a book.

4. *Any such injury to a book is a serious offence. Unless a borrower points out the injury at the time of borrowing the book, he shall be required to replace the book or pay its price.*

**Help to keep the book fresh and clean.**

Digitized by Panjab Digital Library | www.panjabdigilib.org

1347

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦਰਦਨਾਕ ਪ੍ਰਸੰਗ

ਅਰਥਾਤ

# ਸਾਕਾ ਸਰਹਿੰਦ



ਕਵੀ—ਸ੍ਰ: ਬਰਕਤ ਸਿੰਘ 'ਅਨੰਦ' ਪ੍ਰਚਾਰਕ [illegible]

LIBRARY A.C.C. No... PATIALA

ਪ੍ਰਕਾਸ਼ਕ

## ਗੁਰਮਤ ਸਾਹਿਤ ਭਵਨ

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

Digitized by Panjab Digital Library | www.panjabdigilib.org

[illegible]

[illegible]

# [illegible]

[illegible]

[illegible]

[illegible]

[illegible]

Digitized by Panjab Digital Library | www.panjabdigilib.org

ਸਭ ਹਕ ਪ੍ਰਕਾਸ਼ਕ ਦੇ ਰਾਖਵੇਂ ਹਨ

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦਰਦਨਾਕ ਪ੍ਰਸੰਗ

ਅਰਥਾਤ

# ਸਾਕਾ ਸਰਹੰਦ



ਕ੍ਰਿਤ ਕਵੀ—ਸ੍ਰ: ਬਰਕਤ ਸਿੰਘ 'ਅਨੰਦ' ਪ੍ਰਚਾਰਕ ਗੁਰਾਲਾ

ਪ੍ਰਕਾਸ਼ਕ

ਗੁਰਮਤ ਸਾਹਿਤ ਭਵਨ

ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

LIBRARY
A.C.C. No.
PATIALA

'ਕਸ਼ਮੀਰ ਪ੍ਰਿੰਟਿੰਗ ਪ੍ਰੈਸ' ਬਜ਼ਾਰ ਸੋਢੀਆਂ ਅੰਮ੍ਰਿਤਸਰ ਵਿਚ ਕਸ਼ਮੀਰਾ ਸਿੰਘ
ਪ੍ਰਿੰਟਰ ਦੇ ਪ੍ਰਬੰਧ ਹੇਠ ਛਪਿਆ।

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

## ( ਮੰਗਲਾ ਚਰਨ )

ਕਬਿਤ—ਬੰਦਨਾ ਹੈ ਆਦਿ ਮੌਤ ਰਹਿਤ ਪਰਮਾਤਮਾਂ ਨੂੰ, ਸਭ ਥਾਂਵੇ ਚਾਨਣ ਹੈ ਜਿਦ੍ਹੀ ਰੁਸ਼ਨਾਈ ਦਾ। ਇਕੋ ਜਿਹਾ ਖਾਕਾ ਪੰਜਾਂ ਤਤਾਂ ਦਾ ਤੂੰ ਖਿਚਿਆ ਏ, ਬਾਹਮਣ ਤੇ ਜੱਟ, ਤੁਰਕ, ਖੱਤਰੀ, ਈਸਾਈ ਦਾ। ਸਾਗਰ ਸਿਆਈ ਵਾਲਾ ਲਿਖ ਲਿਖ ਸੁਕ ਜਾਵੇ, ਆਵੇ ਨਾਂ ਅੰਤ ਤਾਂ ਬੀ ਤੇਰੀ ਪ੍ਰਭਤਾਈ ਦਾ। ਕਦਮਾਂ ਦੇ ਗਜਾਂ ਨਾਲ ਧਰਤ ਸਭ ਨਾਪ ਛੱਡੀ, ਹੋਰ ਵੀ ਅਗੇਰੇ ਪੰਧ ਆਪ ਦੀ ਖੁਦਾਈ ਦਾ। ਭਗਤ ਧ੍ਰੂ ਨੂੰ ਤੂੰਹੀ ਜੱਗ ਤੇ ਅਮਰ ਕੀਤਾ, ਉਚਾ ਕੀਤਾ ਮਰਤਬਾ ਤੂੰ ਸਦਨੇ ਕਸਾਈ ਦਾ। ਚੋਰ, ਯਾਰ, ਗ੍ਰਿਹਸਥੀ, ਤਿਆਗੀਐ, ਫਕੀਰ, ਪੀਰ, ਆਸਰਾ ਨੇ ਲੈਂਦੇ ਸਭੇ ਤੇਰੀ ਵਡਿਆਈ ਦਾ। ਰਾਜੇ ਰਾਣੇ ਸਾਰੇ ਈ ਭਿਖਾਰੀ ਤੇਰੇ ਬੰਦਿਆਂ ਦੇ, ਪਾਇਆ ਭੋਰਾ ਜਿਦ੍ਹੇ ਚਿ ਤੂੰ ਆਪਨੀ ਕਨਾਈ ਦਾ। ਰੱਖ ਲੈ 'ਅਨੰਦ' ਦੇਕੇ ਹੱਥ ਥੰਮ੍ਹਾਂ ਤਤਿਆਂ ਚੋਂ, ਤੇਰੀ ਹੈ ਲੁਕਾਈ ਦਾਤਾ ਤੂੰਹੀ ਹੈਂ ਲੁਕਾਈ ਦਾ।

ਡਿਉਡ ਛੰਦ—ਨਾਨਕ ਗੁਰੂ ਨੂੰ ਪਹਿਲਾਂ ਮੇਰੀ ਬੰਦਨਾਂ, ਦੋਵੇਂ ਹੱਥ ਜੋੜਕੇ। ਪ੍ਰਭੂ ਨਾਲ ਮੇਲ ਦੇਵੇ ਕੱਟ ਫੰਦਨਾਂ, ਹਉਮੈਂ ਵਲੋਂ ਹੋੜਕੇ। ਅੰਗਦ ਗੁਰੂ ਨੂੰ ਨਮੋ ਬਾਰ ਬਾਰ ਜੀ, ਜੱਗ ਉਤੇ ਆਣਕੇ। ਗੁਰਮੁਖੀ ਇਲਮ ਕੀਤਾ ਹੈ ਤਿਆਰ ਜੀ, ਭਾਰੀ ਘਾਟਾ ਜਾਣਕੇ। ਧੰਨ ਧੰਨ ਧੰਨ ਗੁਰੂ ਅਮਰ ਦਾਸ ਜੀ, ਕੌਤਕ ਨਿਆਰੇ ਨੇ। ਊਚ, ਨੀਚ, ਚੌਂਕੇ ਚਿ ਬਠਾਕੇ ਪਾਸ ਜੀ, ਕਿਹਾ ਵੀਰ ਸਾਰੇ ਨੇ। ਕਰ ਦਿੱਤਾ ਪੂਰਾ ਸਿੱਖਾਂ ਵਾਲੀ ਆਸ ਨੂੰ, ਮਨ ਮਤੋਂ ਮੋੜਕੇ, ਨਮੋ ਨਮੋ ਨਮੋ ਗੁਰੂ ਰਾਮਦਾਸ ਨੂੰ, ਦੋਵੇਂ ਹੱਥ ਜੋੜਕੇ। ਧੰਨ ਤੇ ਲਾਲ ਮਾਤ ਭਾਨੀ ਦਾ, ਲੋਹਾਂ ਉਤੇ ਸੱਜਕੇ। ਜੱਗ ਨੂੰ ਸਵਾਦ ਦਿੱਤਾ ਕੁਰਬਾਨੀ ਦਾ, ਰਾਜ ਭਾਗ ਤੱਜਕੇ।

Digitized by Panjab Digital Library | www.panjabdigilib.org

ਨਮੋ ੨ ਜੀ ਹਰੀ ਗੋਬਿੰਦ ਨੂੰ, ਮਹਾਂ ਬਲੀ ਜੰਮਿਆ। ਦੇਗ਼ ਤੇਗ਼ ਬਖਸ਼ਕੇ ਗੁਲਾਮ ਹਿੰਦ ਨੂੰ, ਢਹਿੰਦਾ ਮਹਿਲ ਥੰਮਿਆ। ਨਮੋ ਨਮੋ ਹਰੀ ਰਾਏ ਮਹਾਂਰਾਜ ਨੂੰ, ਢੱਠਿਆਂ ਉਠਾ ਦਿੱਤਾ। ਕੰਗਲਿਆਂ ਦੇ ਸਿਰਾਂ ਉਤੇ ਰੱਖ ਤਾਜ ਨੂੰ, ਪਾਤਸ਼ਾਹ ਬਣਾ ਦਿੱਤਾ। ਬਖਸ਼ਿਆ ਗਿਆਨ ਗੁੰਗੇ ਜਹੇ ਸਮਾਜ ਨੂੰ, ਅਗਿਆਨ ਰੋੜਕੇ, ਨਮੋ ੨ ਅੱਠਵੇਂ ਮਹਾਂਰਾਜ ਨੂੰ, ਦੋਵੇਂ ਹੱਥ ਜੋੜਕੇ। ਤੇਗ਼ ਦੇ ਬਹਾਦਰ ਨੂੰ ਹੈ ਜੁਹਾਰ ਜੀ, ਜਿਦ੍ਹੀ ਮਹਿਮਾਂ ਭਾਰੀ ਏ। ਦੇਕੇ ਕੁਰਬਾਨੀ ਦਿੱਲੀ ਦੇ ਮਝਾਰ ਜੀ, ਤੁਸੀਂ ਹਿੰਦ ਤਾਰੀ ਏ। ਨਮੋ ੨ ਸ੍ਰੀ ਦਸਮੇਸ਼ ਨੂੰ, ਜਿਨ੍ਹੇ ਬੰਸ ਵਾਰਕੇ, ਜ਼ੁਲਮ ਮਿਟਾਏ ਤੇ ਬਚਾਇਆ ਦੇਸ ਨੂੰ, ਧੌਂਸੇ ਚੋਟ ਮਾਰਕੇ। ਤਖਤ ਤਾਜ ਛੱਡ ਮਜ਼ਲੂਮਾਂ ਵਾਸਤੇ, ਫਿਰੇ ਜਾਨ ਰੋਲਦਾ। ਪਲੰਘ ਨੁਵਾਰੀ ਛੱਡ ਲੇਟ ਘਾਸ ਤੇ, ਤੇਰਾ ਭਾਣਾ ਬੋਲਦਾ। ਨਮੋ ੨ ਹੈ ਸ੍ਰੀ ਗ੍ਰੰਥ ਨੂੰ, ਹੋਰ ਆਸਾਂ ਤੋੜਕੇ। ਫਤੇ ਹੈ 'ਅਨੰਦ' ਜੀ ਪਿਆਰੇ ਪੰਥ ਨੂੰ, ਦੋਵੇਂ ਹੱਥ ਜੋੜਕੇ।

(ਝੋਕ—ਰਾਜ ਉਰੰਗੇ ਦਾ ਜਦ)

੧—ਰਾਜ ਉਰੰਗੇ ਦਾ ਜਦ, ਹੋਯਾ ਸੰਸਾਰ ਤੇ, ਜ਼ੁਲਮਾਂ ਦੇ ਬੱਦਲ ਟੁੱਟ ਪਏ ਹਿੰਦੀ ਪਰਵਾਰ ਤੇ। ਮੰਦਰ, ਗੁਰਦੁਵਾਰੇ, ਢਾਹਕੇ, ਟੈਰੇ ਬਨਵਾਏ ਸੀ, ਵਿਪਰਾਂ ਦੇ ਗਲ ਵਿਚ ਹੱਡ ਉਸ, ਗਊਆਂ ਦੇ ਪਾਏ ਸੀ। ਜ਼ੁਲਮ ਨਾਂ ਉਦੋਂ ਚੋਰੀ ਡਾਕੇ ਦਾ ਪਾਵਣਾ, ਜ਼ੁਲਮ ਸੀ ਉਦੋਂ, ਕੇਵਲ ਹਿੰਦੂ ਅਖਵਾਵਣਾ। ਗਊਆਂ ਦੇ ਲਹੂ ਦੇ ਟਿੱਕੇ, ਮੱਥੇ ਤੇ ਲਾਂਵਦਾ। ਪੰਡਤਾਂ ਨੂੰ ਸਦ ਸਦ ਕੇ ਫਿਰ, ਜ਼ਾਲਮ ਚੁਟਵਾਂਵਦਾ। ਹਿੰਦੂਆਂ ਦੀ ਜਾਨ ਟੰਗੀ, ਉਸਨੇ ਤਲਵਾਰ ਤੇ, ਰਾਜ ਉਰੰਗੇ ਦਾ ਜਦ।

੨—ਪਾੜਕੇ ਵੇਦਾਂ ਨੂੰ ਵਿਚ, ਜੁਤੀਆਂ ਮਧੋਲਿਆ। ਤੋੜਕੇ ਠਾਕਰਾਂ ਤਾਈਂ, ਮਿੱਟੀ ਚਿ ਰੋਲਿਆ। ਭੁੰਨਦਾ ਮਜ਼ਲੂਮਾਂ ਤਾਈਂ, ਭੁਜਨ ਜਿਉਂ ਛੱਲੀਆਂ। ਹਿੰਦੂਆਂ ਦੀਆਂ ਧੀਆਂ ਫੜ

Digitized by Panjab Digital Library | www.panjabdigilib.org

ਫੜ, ਗਜ਼ਨੀ ਨੂੰ ਘੱਲੀਆਂ। ਪੜ੍ਹਦਾ ਜੋ ਗੀਤਾ, ਉਸਦੀ ਖਿੱਚਦਾ ਜ਼ਬਾਨ ਸੀ। ਪੜ੍ਹ ਲੈ ਜੋ ਕਲਮਾਂ, ਉਹਦੀ ਬਖਸ਼ ਦਾ ਜਾਨ ਸੀ। ਦੇਵੀਆਂ ਦੇਵਤਿਆਂ ਨੂੰ, ਨੱਥਾਂ ਉਸ ਪਾ ਲਈਆਂ। ਈਨਾਂ ਰਜਪੂਤਾਂ ਤਾਈਂ ਉਸਨੇ ਮਨਵਾ ਲਈਆਂ। ਜ਼ੁਲਮਾਂ ਦਾ ਧਮਾਂ ਬਹਿ ਗਿਆ, ਸਾਰੇ ਬਾਈਧਾਰ ਤੇ। ਰਾਜ ਉਰੰਗੇ ਦਾ ਜਦ।

੩–ਦਾਰੇ ਸਿਰਮੱਟ, ਜਹੇ ਆਰਿਫ, ਮਾਰੇ ਸਈਆਦ ਸੀ। ਤੁਰਕਾਂ ਘਰ ਈਦਾਂ, ਹੋ ਗਏ ਹਿੰਦੂ ਬਰਬਾਦ ਸੀ। ਭੱਠੀ ਸ਼ਰੀਅਤ ਦੀ ਵਿਚ, ਬੁਧੂ ਸ਼ਾਹ ਸਾੜਿਆ। ਦੇਗ਼ੇ ਦੇ ਵਿਚ ਭਾਈ ਦਿਆਲੇ ਨੂੰ ਕਾਹੜਿਆ। ਆਰੇ ਨਾਲ ਚੀਰ ਦਿੱਤਾ 'ਮਤੀ ਦੀਵਾਨ' ਨੂੰ। ਜ਼ਾਲਮ ਨੇ ਕਤਲ ਚਿ ਕੀਤਾ, 'ਨਾਂਵੇਂ ਭਗਵਾਨ' ਨੂੰ। ਰਿਹਾ ਨਾਂ ਵੈਦ ਜੱਗ ਤੇ, ਕੋਈ ਬੀਮਾਰਾਂ ਦਾ। ਸਾਗਰ ਵਿਚ ਡੁਬ ਰਿਹਾ ਬੇੜਾ, ਹਿੰਦੀ ਦੁਖਿਆਰਾਂ ਦਾ। ਮੌਤ ਵੀ ਲਾਹਨਤਾਂ ਪੌਂਦੀ ਜ਼ਾਲਮਾਂ ਦੀ ਕਾਰ ਤੇ। ਰਾਜ ਉਰੰਗੇ ਦਾ ਜਦ।

੪–ਫੌਜਾਂ ਅਨੰਦ ਪੁਰ ਉਤੇ ਘੱਲੀਆਂ ਵੰਗਾਰ ਕੇ। ਸੀਸ ਲਿਆਵੇ ਗੋਬਿੰਦ ਸਿੰਘ ਦਾ ਉਤਾਰ ਕੇ। ਨਾਲੇ ਈ ਚੜ੍ਹਕੇ ਆ ਗਏ, ਰਾਜੇ ਬਾਈ ਧਾਰ ਦੇ। ਆਪੇ ਕੁਹਾੜੇ ਅਪਨੇ ਪੈਰਾਂ ਤੇ ਮਾਰਦੇ। ਸਿੰਘਾਂ ਜੁਵਾਨਾਂ ਤੇਗ਼ਾਂ ਵਧ ਵਧਕੇ ਮਾਰੀਆਂ। ਮੌਤ ਦੇ ਘਾਟ ਲੱਖਾਂ ਜਾਨਾਂ ਉਤਾਰੀਆਂ। ਛੇਕੜ ਕਰ ਨਾਕਾ-ਬੰਦੀ, ਬਹਿ ਗਏ ਜਰਵਾਣੇ ਸੀ। ਭੁਖਾਂ ਦੇ ਮਾਰੇ ਹੋ ਗਏ, ਸਿੰਘ ਨਿਤਾਣੇ ਸੀ। ਵੈਰੀ ਉਮਡਾਕੇ ਆ ਗਏ, ਸੱਚੀ ਸਰਕਾਰ ਦੇ। ਰਾਜ ਉਰੰਗੇ ਦਾ ਜਦ ਹੋਇਆ ਸੰਸਾਰ ਤੇ।

(ਫੌਜਦਾਰਾਂ ਦੀ ਵਿਚਾਰ ਕਿ ਨੱਕ ਕਿਵੇਂ ਰਹੇ)

ਛੰਦ–ਸਾਰੇ ਫੌਜਦਾਰ ਸੋਚਦੇ ਨੇ ਰਲਕੇ। ਗੁਰੂ ਜੀ ਤੇ ਜਾਦੂ ਕੋਈ ਪਾਵੇ ਦੱਲਕੇ। ਇਕ ਵੇਰ ਕਿਲ੍ਹਾ ਖਾਲੀ ਕਰ ਜਾਨ ਜੀ। ਲਾਹਨਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਬਾਦਸ਼ਾਹੀ

Digitized by Panjab Digital Library | www.panjabdigilib.org

ਖਜ਼ਾਨੇ ਅਸਾਂ ਛੱਡੇ ਫੱਕ ਜੀ। ਹਾਰ ਗਏ ਤਾਂ ਵੱਡੇ ਸ਼ਾਹ ਅਸਾਡਾ ਨੱਕ ਜੀ। ਦਿਲੀਓਂ ਆਏ ਹਾਂ ਚੁਕ ਕੇ ਕੁਰਾਨ ਜੀ। ਲਾਹਨਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਜੱਟਾਂ,ਬੂਟਾਂ, ਝੀਵਰਾਂ, ਲੁਬਾਣੇ, ਰੋੜਿਆਂ। ਭੁੰਨ ਦਿੱਤੇ ਖਾਨੀ ਖਾਨ ਨਾਲ ਤੋੜਿਆਂ। ਬੇਗ਼ਮਾਂ ਦੇ ਲੁੱਟੇ ਗਏ ਸੁਹਾਗ ਸ਼ਾਨ ਜੀ। ਲਾਹਨਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਕੱਲਾ ਕੱਲਾ ਦੁੰਬਾ ਖਾਨ ਵਾਲੇ ਸ਼ੇਰ ਜੀ। ਸੁਕੇ ਰੋਟ ਬੋਚੂਆਂ ਨੇ ਕੀਤੇ ਢੇਰ ਜੀ। ਜਿੱਤ ਗਏ ਮੁਹਾਜ਼ ਕਿਰਤੀ ਕਿਸਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਸੱਭੇ ਖੇਡਾਂ ਖੇਡਕੇ ਚੱਲੇ ਹਾਂ ਹਾਰ ਜੀ। ਧੋਖੇ ਦਾ ਵਰਤ ਵੇਖੋ ਹਥਿਆਰ ਜੀ। ਇਸੇ ਤਰ੍ਹਾਂ ਕੇਰਾਂ ਸਾਫ ਹੋਏ ਮੈਦਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਦੋਹਾਂ ਵਿਚ ਪਈਆਂ ਛਤੇਦਾਰ ਮੁੰਡੀਆਂ। ਖਾਨਾਂ ਦੀਆਂ ਤੇਗਾਂ ਹੁਨ ਹੋਈਆਂ ਖੁੰਡੀਆਂ। ਮੁਛਾਂ ਉਤੋਂ ਵੱਟ ਲੱਥ ਗਏ ਨੇ ਆਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਕੱਲਾ ਕੱਲਾ ਨਿਕਲ ਕਿਲੇ ਚੋਂ ਆਂਵਦੇ। ਵਾਂਗ ਬਘਿਆੜਾਂ ਦੇ ਚਾ ਖੱਪੇ ਪਾਂਵਦੇ। ਲੁੱਟ ਪੁੱਟ ਸਾਡੇ ਰਾਸ਼ਨ ਲੈ ਜਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਕਿਲ੍ਹਾ ਛੱਡਕੇ ਹਾਂ ਅੱਗੇ ਜਾਨ ਚੜ ਜੇ, ਜੀਂਵਦੇ ਗੁਰੂ ਨੂੰ ਸੌਖਾ ਲਈਏ ਫੜ ਜੇ। ਮਿਲਨ ਮੁਰਾਤਬੇ ਜਗੀਰਾਂ ਦਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਭੂੰਡਾਂ ਤਾਂਈਂ ਛੇੜ ਅਸਾਂ ਗਲ ਪਾ ਲਿਆ। ਢੰਗ ਨਾਲ ਜਾਵੇ ਵਕਤ ਸੰਭਾਲਿਆ। ਮੁੱਠੀ ਭਰ ਬਾਗੀਆਂ ਕੀਤਾ ਹੈਰਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਵੱਡੇ ਵੱਡੇ ਮਲ ਜਿਨ੍ਹਾਂ ਲੱਖਾਂ ਮਾਰੇ ਨੇ। ਸਿੰਘਾਂ ਸਾਂਹਵੇ ਹੋ ਗਏ ਅੱਜ ਉਹ ਨਿਕਾਰੇ ਨੇ। ਮਿੱਟੀ ਵਿਚ ਮਿਲੀ ਮੁਗ਼ਲਾਂ ਦੀ ਸ਼ਾਨ ਜੀ। ਲਾਨ੍ਹਤਾਂ ਜਨਾਨੀਆਂ ਨਾ ਸਾਨੂੰ ਪਾਨ ਜੀ। ਕਿਲ੍ਹੇ ਵਿੱਚੋਂ ਤੀਰਾਂ ਦਾ ਬੱਦਲ ਵਰ੍ਹਦਾ। ਕੋਈ ਨਾ ਜਵਾਨ

Digitized by Panjab Digital Library | www.panjabdigilib.org

ਸਾਂਹਵੇਂ ਮੂੰਹ ਕਰਦਾ। ਫੇਹਲ ਹੋ ਗਏ ਸ਼ਾਹੀ ਤੋਪਾਂ ਦੇ ਨਿਸ਼ਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ । ਆਟੇ ਵਿਚ ਲੂਣ ਸਿੰਘ ਲੋਕੀਂ ਬੋਲਦੇ । ਵੇਖਕੇ ਫਰਿਸ਼ਤਿਆਂ ਦੇ ਸੀਨੇ ਡੋਲਦੇ। ਮੋਛੇ ਪਾਈ ਜਾਂਦੇ ਵਾਂਗਰਾਂ ਤਿਖਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਬਹਿ ਗਏ ਰਜਪੂਤ ਸਾਰੇ ਵਾਂਗ ਝੱਗਦੇ। ਜੰਗੀ ਢੋਲ ਵੱਜ ਗਏ ਨੇ ਵਿਚ ਜੱਗਦੇ। ਹੋਵੀਏ ਗ਼ਰਕ ਜ਼ਿਮੀਂ ਦੇਵੇ ਥਾਨ ਜੀ। ਲਾਨ੍ਹਤਾਂ ਜਨਾਨੀਆਂ ਨਾਂ ਸਾਨੂੰ ਪਾਨ ਜੀ। ਹਾਰ ਨਾਲੋਂ ਚੰਗੀ ਮੌਤ ਹੇ 'ਅਨੰਦ' ਜੀ। ਜੱਟਾਂ ਬੂਟਾਂ ਨਾਸਾਂ ਕੀਤਿਆਂ ਚਾ ਬੰਦ ਜੀ । ਸਾਡੇ ਧਮੇਂ ਵਾਲਾ ਡੁਬ ਗਿਆ ਭਾਨ ਜੀ, ਲਾਨ੍ਹਤਾਂ ਜ਼ਨਾਨੀਆਂ ਨਾਂ ਸਾਨੂੰ ਪਾਨ ਜੀ।

ਦੋਹਿਰਾ—ਪੰਮੇ ਤਾਂਈਂ ਸੱਦਕੇ, ਸੂਬੇ ਕਹਿਣ ।ਪੁਕਾਰ।
ਤੂੰ ਨੀਤੀ ਦਾ ਕੋਟ ਹੈਂ, ਹੱਲਾ ਕੋਈ ਮਾਰ।
ਕੇਰਾਂ ਖਾਲੀ ਕਿਲ੍ਹਾ ਹੋਏ, ਲਾ ਤੂੰ ਐਸਾ ਡੰਮ।
ਗਏ ਦਿੱਲੀ ਜੇ ਭਾਂਜ ਖਾ, ਸ਼ਾਹ ਲਾਹਵੇਗਾ ਚੰਮ।
ਤੇਰੀ ਜਗਤੀ ਕਾਰਗਰ, ਜੇ ਹੋਈ ਇਸ ਵਾਰ।
ਤੇਰੇ ਉੱਚੇ ਮਰਤਬੇ, ਕਰੀਏ ਵਿਚ ਦਰਬਾਰ।
ਤੂੰ ਚੋਟੀ ਦਾ ਜੋਤਸ਼ੀ, ਆਇਆ ਫੌਜਾਂ ਨਾਲ।
ਫੋਲ ਪੱਤਰੀ ਪੰਮਿਆਂ, ਸੁੱਟ ਸ਼ਤਾਬੀ ਫਾਲ।
ਕਹੇ ਪਰੋਹਿਤ ਓ ਰਾਜਿਓ, ਨਾਂ ਹੋਵੋ ਹੈਰਾਨ।
ਇਕ ਵਾਰ ਕਰਵਾਦਿਆਂ, ਖਾਲੀ ਮੈਂ ਮੈਦਾਨ।

(ਜੋਤਸ਼ੀ ਮਾਤਾ ਗੁਜਰੀ ਦੇ ਮਹੱਲਾਂ ਵਿਚ)

ਛੰਦ--ਉਸੇ ਵੇਲੇ ਪੰਮਾਂ ਹੋਗਿਆ ਤਿਆਰ ਜੀ, ਆਟੇ ਸੰਦੀ ਗਊ ਇਕ ਲਈ ਸੁਵਾਰ ਜੀ । ਰੱਖ ਲੀਤੀ ਥਾਲ ਵਿਚ ਜੋਤ ਬਾਲਕੇ, ਕੱਛ ਚਿ ਕੁਰਾਨ ਲੈ ਲਿਆ ਸੰਭਾਲਕੇ । ਸੂਬਿਆਂ ਤੋਂ ਇਕ ਲਿਖਤ ਲਿਖਾ ਲਈ। ਹੋਵੇ ਨਾਹੀਂ ਧੋਖਾ ਕਸਮ ਚੁਕਾ

Digitized by Panjab Digital Library | www.panjabdigilib.org

ਲਈ। ਰਾਮ ਰਾਮ ਆਖਦਾ ਕਿਲ੍ਹੇ ਚਿ ਵੜਿਆ, ਮਾਤਾ ਗੁਜਰੀ ਦੇ ਪੈਰਾਂ ਨੂੰ ਜਾ ਫੜਿਆ। ਰਾਜਿਆਂ ਦਾ ਦੂਤ ਮੈਂ ਹਾਂ ਆਯਾ ਚੱਲਕੇ, ਬਹਿ ਗਿਆ ਹਾਂ ਆਪਦਾ ਦੁਵਾਰਾ ਮਲਕੇ । ਗਊ ਦੇ ਪਿੰਡੇ ਤੇ ਰਾਜੇ ਹੱਥ ਲਾਂਵਦੇ, ਕਸਮ ਕੁਰਾਨ ਦੀ ਨੇ ਸੂਬੇ ਖਾਂਵਦੇ। ਮੈਂ ਹਾਂ ਆਇਆ ਮੰਗਨ ਤੁਸਾਂ ਤੋਂ ਦੱਖਨਾ। ਅੱਠਾਂ ਪਹਿਰਾਂ ਲਈ ਕਿਲ੍ਹਾ ਕਰੋ ਸੱਖਨਾ । ਫੌਜਾਂ ਫਤੇ ਮੰਨ ਪਿਛਾਂ ਤੁਰ ਜਾਨ ਜੀ, ਕਿਲ੍ਹੇ ਵਿਚ ਕਰੋ ਫੇਰ ਐਸ਼ਾਂ ਆਨ ਜੀ । ਨੱਕ ਨਹੀਂ ਰਹਿੰਦਾ ਰਾਜੇ ਜਾਨ ਹਾਰਕੇ। ਲਾਹਵਣਾ ਉਰੰਗੇ ਚੰਮ ਮਾਰ ਮਾਰਕੇ। ਜਾਮਨ ਮੈਂ ਮਾਤਾ ਹਾਂ ਉਨ੍ਹਾਂ ਦੇ ਪੱਖ ਦਾ। ਮੈਂ ਹਾਂ ਹੱਥ ਗਊ ਦੇ ਪਿੰਡੇ ਤੇ ਰੱਖ ਦਾ। ਕਰੇ ਨਾਂ 'ਅਨੰਦ' ਫੇਰ ਕੋਈ ਛੇੜ ਨੂੰ । ਅੱਜ ਮੈਂ ਮੁਕਾਵਾਂ ਸਾਰੇ ਈ ਝਹੇੜ ਨੂੰ ।

ਦੋਹਿਰਾ– ਮਾਤਾ ਏਹ ਗੱਲ ਜਾਨਕੇ, ਹੋਈ ਖੁਸ਼ੀ ਅਪਾਰ ।
ਲੈ ਪੰਮੇਂ ਨੂੰ ਆਂਵਦੀ, ਸਤਿਗੁਰ ਦੇ ਦਰਬਾਰ ।

(ਸੁਵਾਲ ਜੁਵਾਬ) ਡਿਉਡ ਛੰਦ

ਆਖਦੀ ਏ ਮਾਤਾ ਹਾਲ ਸੁਨੀ ਲਾਲ ਵੇ, ਤੈਨੂੰ ਮੈਂ ਸੁਨਾਈ ਏ । ਰਾਸ਼ਨ ਨੇ ਮੁਕੇ ਜੰਗ ਹੈ ਮੁਹਾਲ ਵੇ, ਫੌਜ ਘਬਰਾਈ ਏ। ਚਲੇ ਗਏ ਮਝੈਲ ਲਿਖਕੇ ਬੇਦਾਵੇ ਵੇ, ਭੁਖ ਹਥੋਂ ਹਾਰਕੇ। ਕਿੰਨਾ ਚਿਰ ਜੰਗ ਖਾਲਸਾ ਮਚਾਵੇ ਵੇ,ਤੇਗ਼ਾਂ ਮਾਰ ਮਾਰਕੇ। ਸੁਲਹਾ ਨਾਵਾਂ ਲਿਖ ਰਾਜਿਆਂ ਨੇ ਘਲਿਆ, ਕਸਮਾਂ ਨੇ ਖਾਂਵਦੇ। ਜੰਗ ਹਥੋਂ ਦੇਸ਼ ਹੈ ਉੱਜੜ ਚਲਿਆ, ਲੋਕੀ ਕੁਰਲਾਂਵਦੇ। ਆਖਦੇ ਗੁਰੂ ਜੀ ਮਾਤਾ ਸੁਨੋ ਬਾਤ ਨੂੰ, ਮੈਨੂੰ ਇਤਬਾਰ ਨਾ। ਆਂਵਦੀ ਨਾਂ ਸ਼ਰਮ ਕੁਤੇ ਦੀ ਜਾਤ ਨੂੰ, ਬਣਦੇ ਏਹ ਯਾਰ ਨਾ। ਤੇਲ ਲਾਕੇ ਬਾਂਹ ਨੂੰ ਤਿਲਾਂ ਵਿਚ ਫੇਰੀਏ, ਜਿਨੇ ਤਿਲ ਲੱਗਦੇ। ਉਨੀਆਂ ਸੁਗੰਦਾਂ ਖਾਨ ਮਾਤਾ ਮੇਰੀਏ, ਤਾਂਹਵੀ ਝੂਠੇ ਜੱਗਦੇ। ਰਾਕਸ਼ਾਂ ਦੀ ਕੌਮ ਨੇ ਮੁਸਲਮਾਨ ਏਹ, ਖੈਰ ਨਾਂ ਗੁਜ਼ਾਰਦੇ।

Digitized by Panjab Digital Library | www.panjabdigilib.org

ਮਿਤਰਤਾ ਵਿਚ ਸੱਪ ਦੇ ਸਮਾਨ ਏਹ, ਫੇਰ ਡੰਗ ਮਾਰਦੇ।
ਆਖਦੀ ਏ ਮਾਤਾ ਜ਼ਿੱਦ ਛੱਡ ਬੱਚਿਆ, ਕਿਲ੍ਹਾ ਖਾਲੀ ਕਰਦੇ।
ਦੁੱਖਾਂ ਨਾਲ ਮੇਰਾ ਹੈ ਕਲੇਜਾ ਮੱਚਿਆ, ਸਿੰਘ ਵੇਖ ਮਰਦੇ।
ਅੱਠਾਂ ਪਹਿਰਾਂ ਲਈ ਹੈ ਕਿਲ੍ਹੇ ਨੂੰ ਛੱਡਨਾ, ਸਦਾ ਦਾ ਸੁਵਾਲ ਨਾਂ।
ਪਰਸੋਂ ਈਂ ਝੰਡਾ ਆ ਇਥਾਂਈ ਗੱਡਨਾਂ, ਧੋਖੇ ਦੀ ਮਜਾਲ ਨਾਂ।
ਆਖਦੇ ਗੁਰੂ ਜੀ ਮੰਨਦੇ ਹਾਂ ਬਾਤ ਨੂੰ, ਜਿਸਤਰ੍ਹਾਂ ਸੁਨਾਵੋਗੇ।
ਰੱਤੀ ਭਰ ਰਹਿਮ ਨਹੀਂ ਤੁਰਕ ਜਾਤ ਨੂੰ, ਭਾਰੀ ਦੁਖ ਪਾਵੋਗੇ।
ਦਿਸਦੇ ਏਹ ਮੈਨੂੰ ਸੁਪਨੇ ਦੇ ਰਾਜ ਨੇ, ਤੁਸਾਂ ਪਛੋਤਾਵਨਾ।
ਸ਼ਾਹੀ ਚੋਬਦਾਰ ਸੱਭੇ ਦਗੇਬਾਜ ਨੇ, ਦਗ਼ਾ ਨੇ ਕਮਾਵਨਾ।
ਜਾਓ ਪੰਮਾ ਸਾਹਿਬ ਰਾਜਿਆਂ ਦੇ ਪਾਸ ਜੀ, ਕੱਲ ਚਲੇ ਜਾਵਾਂਗੇ।
ਵਾਹਿਗੁਰੂ ਦੀ ਭਾਵੀ ਹੋਣ ਵਾਲੀ ਖਾਸ ਜੀ, ਉਸਨੂੰ ਮਨਾਂਵਾਂਗੇ।

(ਕਲਗੀਧਰ ਨੇ ਅਨੰਦ ਪੁਰ ਦਾ ਕਿਲਾ ਛੱਡਨਾ)

ਦੋਹਿਰਾ—ਸੁਣਕੇ ਪੰਡਤ ਬਾਤ ਏਹ, ਹੋਇਆ ਖੁਸ਼ੀ ਅਪਾਰ।
ਦਵੇ ਵਧਾਈਆਂ ਆਣਕੇ, ਸਭ ਨੂੰ ਵਾਰੋ ਵਾਰ।
ਪਲ ਵਿਚ ਆਇਆ ਜਿੱਤ ਮੈਂ, ਏਹ ਐਡਾ ਸੰਗਰਾਮ।
ਕਲ ਏਥੋਂ ਤੁਰ ਜਾਣਗੇ, ਗੁਰੂ ਤੇ ਸਿੰਘ ਤਮਾਮ।
ਰਾਤ ਬਰਾਤੇ ਗੁਰੂ ਜੀ, ਕਰਕੇ ਸੋਚ ਸਲਾਹ।
ਪੁਸਤਕ, ਬਸਤਰ, ਨਕਦੀਆਂ, ਸਤਲੁਜ ਵਿਚ ਪਰਵਾਹ।
ਕਹਿੰਦੇ ਸਿੰਘੋ ਅਸਾਂ ਨਹੀਂ, ਔਣਾ ਏਥੇ ਫੇਰ।
ਪਰਬਲ ਭਾਣਾਂ ਅਸਾਂ ਨੂੰ, ਲੈ ਚਲਿਆ ਅੱਜ ਘੇਰ।
ਛੱਡ ਕਿਲ੍ਹੇ ਨੂੰ ਤੁਰ ਪਿਆ, ਸਾਰਾ ਗੁਰ ਪਰਵਾਰ।
ਚੜ੍ਹ ਪਏ ਉਤੇ ਘੋੜਿਆਂ, ਸਤਿਗੁਰ ਸਿੰਘ ਸਰਦਾਰ।

ਤੁਰਕਾਂ ਦਾ ਹਲਾ ( ਛੰਦ )

ਵੇਖਿਆ ਜਾਂ ਜ਼ਾਲਮਾਂ ਧਿਆਨ ਮਾਰਕੇ। ਪੈ ਗਏ ਪਿਛੋਂ
ਐਲੀ ਐਲੀ ਲਲਕਾਰ ਕੇ। ਫੜ ਲੌ ਜੀਊਂਦੇ ਸਾਰੇ ਹਥੀਂ ਖਾਨ

Digitized by Panjab Digital Library | www.panjabdigilib.org

ਜੀ। ਫਸ ਗਏ ਨੇ ਅਜ ਅੰਦਰ ਮੈਦਾਨ ਜੀ। ਪੋਹ ਦੀ ਬਹਾਰ ਪਾਲਾ ਪੈਂਦਾ ਕਹਿਰ ਦਾ। ਮਠੀ ਮਠੀ ਬੂੰਦਾ ਬਾਂਦੀ ਕੰਮ ਜ਼ਹਿਰ ਦਾ। ਅਗੇ ਸਤਲੁਜ ਸਪ ਵਾਂਗੂ ਸੂਕ ਦੀ। ਅੱਜ ਦੀ ਦਿਹਾੜੀ ਵਗਨਾਂ ਮੈਂ ਕੂਕ ਦੀ। ਪਿਛੋਂ ਪੈ ਗਏ ਵੈਰੀ ਮਾਰੂ ਢੋਲ ਵਜਦਾ। ਪਰਲੋ ਦਾ ਰੂਪ ਹੋਇਆ ਦਿਨ ਅੱਜ ਦਾ। ਮਚਿਆ ਅਖੀਰ ਘਮਸਾਨ ਅੰਤ ਦਾ। ਧਰਤੀ ਨੇ ਪਾਇਆ ਗਲੇ ਚੋਲਾ ਰੱਤ ਦਾ। ਗਜਦੇ ਜੁਵਾਨ ਵਾਂਗ ਭੁਖੇ ਸ਼ੇਰ ਦੇ। ਬਿਜਲੀ ਸਮਾਨ ਤਲਵਾਰਾਂ ਫੇਰਦੇ। ਅੱਗ ਦਾ ਬਦਲ ਮੋਹਲੇ ਧਾਰ ਵਸਿਆ। ਭਾਣੇ ਅਗੇ ਜਾਵੇ ਨਾ ਕਿਸੇ ਤੋਂ ਨਸਿਆ। ਛੋਟੇ ਸਾਹਿਬਜ਼ਾਦੇ ਨਾਲ ਵਡੀ ਮਾਤ ਜੀ। ਗੰਗੂ ਸਣੇ ਖੁੰਜ ਗਏ ਏਹ ਰਾਤੋ ਰਾਤ ਜੀ। *ਮਨੀ ਸਿੰਘ, ਸੁੰਦਰੀ ਤੇ ਸਾਹਿਬ ਕੌਰ ਜੀ। ਖੁੰਜ ਗਏ ਗੁਰਾਂ ਤੋਂ ਏਹ ਵੀ ਏਸੇ ਤੌਰ ਜੀ। ਕਾਨਿਆਂ ਦੇ ਤੁਲੇ ਕਰਕੇ ਤਿਆਰ ਜੀ। ਮਹਿਲਾਂ ਤਾਈਂ ਸੂਹਿਆਂ ਨੇ ਲੰਘਾਇਆ ਪਾਰ ਜੀ। ਆ ਕੇ ਮੈਦਾਨ ਜਦੋਂ ਠੰਡਾ ਹੋ ਗਿਆ। ਸੀਤ ਵਿਚ ਮੁਗਲਾਂ ਦਾ ਕੰਡਾ ਹੋ ਗਿਆ। ਸਰਸਾ ਦੇ ਵਿਚ ਘੋੜੇ ਦਿਤੇ ਠੇਲ੍ਹ ਜੀ। ਜਾਨੇ ਕੌਣ ਪਰਮਾਤਮਾ ਦੇ ਖੇਲ ਜੀ। ਚਲ ਗਏ ਮੈਦਾਨ ਵਿਚ ਕੁਝ ਲੜ ਕੇ। ਰੁੜ ਗਏ ਕੁਝ ਸਰਸਾ 'ਚ ਵੜ ਕੇ। ਚਾਲੀ ਸਿੰਘ ਹੋਰ ਸਾਹਿਬਜ਼ਾਦੇ ਚਾਰ ਜੀ। ਪਾਰ ਹੋਏ ਸਣੇ ਦਸਮੇਂ ਅਉਤਾਰ ਜੀ। ਭੀੜ ਵਿਚ ਲੀਤੀ ਨਾਂ ਕਿਸੇ ਨੇ ਸਾਰ ਜੀ। ਕੇਹੜੇ ਪਾਸੇ ਖੁੰਜ ਗਿਆ ਪਰਵਾਰ ਜੀ। ਚਾਲੀ ਸਿੰਘ ਲੈਕੇ ਵਿਚ ਏਸੇ ਦੌਰ ਦੇ। ਚੱਲੇ ਗਏ ਗੁਰੂ ਜੀ ਵੱਲ ਚਮਕੌਰ ਦੇ। ਬਰਕਤ ਸਿੰਘਾ ਹੁਣ ਦੱਸ ਤੂੰ ਹਵਾਲ ਜੀ। ਬੀਤੀ ਕਿੰਵੇਂ ਛੋਟੇ ਬੱਚਿਆਂ ਦੇ ਨਾਲ ਜੀ।

ਝੋਕ—ਦੁੱਖਾਂ ਵਿਚ ਲਾਲ ਨੇ ਪੈ ਗਏ, ਸੱਚੀ ਸਰਕਾਰ ਦੇ। ਭਿੱਜੇ ਹੋਏ ਲੀੜੇ ਠਰਿਆਂ ਤਾਈਂ ਨੇ ਠਾਰਦੇ। ਪੋਹ ਦਾ ਪਾਲਾ

*ਭਾਈ ਮਨੀ ਸਿੰਘ ਜੀ ਮੋਹਿਲਾਂ ਨੂੰ ਨਾਲ ਲੈ ਕੇ ਦਿਲੀ ਵਿਚ ਚਲੇ ਗਏ ਸੀ।

Digitized by Panjab Digital Library | www.panjabdigilib.org

ਦੂਜੇ ਬਾਲ ਅੰਞਾਣੇ ਨੇ । ਕੂਲੇ ਕੂਲੇ ਪੈਰ ਕੀਤੇ ਕੰਡਿਆਂ ਨੇ ਕਾਣੇ ਨੇ। ਵੱਜਦਾ ਏ ਦੰਦੋੜਿਕਾ, ਕੱਪੜਾ ਨਾ ਕੋਲ ਜੀ । ਰਾਤ ਦਾ ਵੇਲਾ ਕੁਝ ਰਾਹੇ ਅਨਭੋਲ ਜੀ। ਮੋਹਰਾਂ ਦੀ ਖੱਚਰ ਲੱਦੀ, ਮਾਤਾ ਦੇ ਨਾਲ ਜੀ। ਬਾਹਮਨ ਰਸੋਈਆ ਨਾਲੇ ਗੰਗੂ ਚੰਡਾਲ ਜੀ। ਜੰਗਲਾਂ ਵਿਚ ਠੇਡੇ ਖਾਂਦੇ, ਪਾਲੇ ਪਿਆਰ ਦੇ। ਵਖਤਾਂ ਵਿਚ ਲਾਲ ਨੇ ਪੈ ਗਏ।

੨—ਬੁਡੇ ਹੱਡ ਮਾਂ ਦੇ ਸਰਦੀ ਭੰਨਦੀ ਸੀ ਜਾਂਵਦੀ। ਢੁਕ ਚੁਕ ਕੇ ਪੋਤਿਆਂ ਨੂੰ ਵਿਚ, ਬੁਕਲ ਛੁਪਾਂਵਦੀ। ਮਮਤਾ ਦੀ ਮਾਰੀ ਮਾਂ ਪਈ, ਦੇਂਦੀ ਦਲੇਰੀਆਂ। ਆਜਾ ਪੁਤ ਬਾਜ਼ਾਂ ਵਾਲੇ, ਲਾਈਆਂ ਕਿਉਂ ਦੇਰੀਆਂ। ਪਤਾ ਨਹੀਂ ਤੁਸਾਂ ਸਿਰ ਕੀ, ਝੁਲੀਆਂ ਹਨੇਰੀਆਂ। ਖਵਰੇ ਕੀ ਠੇਡੇ ਨੂੰਹਾਂ, ਖਾਂਦੀਆਂ ਮੇਰੀਆਂ। ਕਿਲ੍ਹਿਆਂ ਤੇ ਮਹਿਲਾਂ ਵਾਲੀ,ਜੰਗਲਾਂ ਵਿਚ ਘੇਰੀਆਂ। ਪਾਂਦੀ ਕਿਉਂ ਦੁਖੜੇ, ਮੰਨਦੀ, ਗੱਲਾਂ ਜੇ ਤੇਰੀਆਂ । ਹੋਗਏ ਬੇਈਮਾਨ ਬਾਦਸ਼ਾਹ, ਬੋਲ ਗੁਫਤਾਰ ਦੇ। ਦੁਖਾਂ ਵਿਚ ਲਾਲ ਨੇ ਪੈ ਗਏ........।

੩—ਫਿਰਦੇ ਨੇ ਵੈਰੀ ਪਿਛੇ ਪੱਤਾ ਪੱਤਾ ਟੋਲਦੇ । ਪੈਂਦੇ ਭੁਲੇਖੇ ਕਿਧਰੇ ਪੰਛੀ ਜੇ ਬੋਲਦੇ। ਕੇਹੜੀ ਭੈੜੀ ਘੜੀ ਅਸਾਂ, ਕਿਲ੍ਹੇ ਨੂੰ ਛੱਡਿਆ। ਖੰਜਰ ਕਲੇਜੇ ਮੇਰੇ, ਵਿਚ ਗਿਆ ਗੱਡਿਆ। ਆ ਮਿਲ ਵੇ ਬਾਜਾਂ ਵਾਲੇ, ਦੁੱਖਾਂ ਨੂੰ ਥੰਬਦੇ। ਪੱਛੋਂ ਦੇ ਬੁੱਲੇ ਤੇਰੇ ਫੁੱਲਾਂ ਨੂੰ ਝੰਬਦੇ । ਜਿਉਂ ਜਿਉਂ ਪੌਂਹ ਫੁਟਦੀ, ਮੈਨੂੰ ਹੁੰਦਾ ਹਨੇਰਾ ਏ। ਦੁਸ਼ਮਨ ਨਾਲ ਘਿਰਿਆ ਸਾਡਾ ਚਾਰ ਚੁਫੇਰਾ ਏ। ਡੁਬਦੀ ਏ ਕਿਸ਼ਤੀ ਮੇਰੀ, ਚੱਪੂ ਲਾ ਤਾਰ ਦੇ । ਦੁਖਾਂ ਵਿਚ ਲਾਲ ਨੇ ਪੈ ਗਏ........ ।

(ਗੰਗੂ ਦੀ ਧੀਰਜ)

ਕਬਿੱਤ--ਆਖਦਾ ਏ ਗੰਗੂ ਮਾਤਾ ਏਥੋਂ ਨੇੜੇ ਪਿੰਡ ਮੇਰਾ, ਚਲੋ ਕੁਝ ਦਿਨ ਉਥੇ ਛੁਪਕੇ ਲੰਘਾਵੀਏ। ਭਾਣਾ ਪਰਮਾਤਮਾ ਦਾ

Digitized by Panjab Digital Library | www.panjabdigilib.org

ਝੁਲ ਪਿਆ ਸੀਸ ਉਤੇ, ਮਿਟੇ ਨਾਂ ਕਦੰਤ ਭਾਵੇਂ ਰੋਈਏ ਕੁਰਲਾਵੀਏ। ਹਿੰਕਲਾ ਏ ਪਿੰਡ ਉਥੇ ਸਾਰ ਨਾਂ ਕਿਸੇ ਨੂੰ ਹੋਣੀ, ਆਪਨਾ ਮਕਾਨ ਜਿੰਦ ਸੀਤ ਤੋਂ ਛੁਡਾਵੀਏ। ਕਰ ਲਈਏ ਭਾਲ ਅਸੀਂ ਗੁਰੂ ਦਸਮੇਸ਼ ਜੀ ਦੀ, ਨਾਲ ਪਰਵਾਰ ਦੇ ਚਾ ਆਪ ਨੂੰ ਮਿਲਾਵੀਏ।

ਦੋਹਿਰਾ—ਜਾਨ ਪਈ ਕੁਝ ਮਾਤ ਨੂੰ, ਸੁਨ ਗੰਗੂ ਦੀ ਧੀਰ।
ਕਹਿੰਦੀ ਚੰਗਾ ਗੰਗਿਆ, ਭਲਾ ਕਰੇ ਰਘਬੀਰ।
ਖੱਚਰ ਅੱਗੋਂ ਪਕੜ ਲੈ, ਧਰ ਲੈ ਉਤੇ ਲਾਲ।
ਚਲ ਖੇੜੀ ਨੂੰ ਚਲੀਏ, ਰਖਿਆ ਕਰੇ ਗੁਪਾਲ।
ਡੁਬਦੇ ਤਾਂਈਂ ਆਖਦੇ, ਤੀਲਾ 'ਤੁਲੇ' ਸਮਾਨ।
ਸੀ ਮਾਤਾ ਬੇ-ਆਸਰੀ, ਵੈਰੀ ਕੁਲ ਜਹਾਨ
ਦਿਨ ਚੜ੍ਹਦੇ ਨੂੰ ਪੁਜ ਪਏ, ਜਾਂਦੇ ਖੇੜੀ ਗਾਂਮ।
ਪਿਛਲੇ ਅੰਦਰ ਕਰ ਦਿੱਤਾ, ਤਿੰਨਾਂ ਦਾ ਬਿਸਰਾਮ।

### ਸਾਹਿਬ ਜ਼ਾਦਿਆਂ ਨੇ ਪੁਛਨਾ ਕਿ ਸਾਡੇ ਮਾਤਾ ਜੀ ਤੇ ਪਿਤਾ ਜੀ ਅਤੇ ਹੋਰ ਸਿਖ ਸਾਥੀ ਕਿੱਥੇ ਹਨ

ਛੰਦ--ਆਈ ਕੁਝ ਹੋਸ਼ ਜਦੋਂ ਪਾਲਾ ਲਹਿ ਗਿਆ। ਜੋੜਾ ਦੁਖਿਆਰਿਆਂ ਦਾ ਉਠ ਬਹਿ ਗਿਆ। ਕਿਥੇ ਸਾਡਾ ਪਿਤਾ, ਮਾਤਾ, ਕਿਥੇ ਰਹਿ ਗਈ। ਕਿਧਰ ਅਸਾਡੀ ਪਿਆਰੀ ਫੌਜ ਵਹਿ ਗਈ। ਕਿੱਥੇ ਵੱਡੇ ਵੀਰ ਨਹੀਂ ਨਜ਼ਰ ਆਂਵਦੇ, ਮਨੀ ਸਿੰਘ ਹੋਰੀਂ ਨਾਲ ਨਹੀਂ ਦਿਸਾਂਵਦੇ। ਪਿਤਾ ਹੋਰੀਂ ਅੰਮਾਂ ਜੀ ਕਦੋਂ ਕੂ ਔਨਗੇ। ਛਾਤੀ ਨਾਲ ਘੁੱਟ ਕੇ ਅਸਾਨੂੰ ਲੌਣਗੇ। ਸੀਨੇ ਨਾਲ ਲਾਕੇ ਮਾਤਾ ਦੇ ਪਿਆਰ ਨੂੰ। ਚੁੰਮ ਚੁੰਮ ਮੱਥਾ ਕਰੇ ਪਰਚਾਰ ਨੂੰ। ਪੁਤ ਦਸਮੇਸ਼ ਦੇ ਹੋ ਤੁਸੀਂ ਸ਼ੇਰ ਵੇ। ਸ਼ੇਰਾਂ ਦੇ ਪੁਤਰ ਜੰਮਦੇ ਦਲੇਰ ਵੇ। ਬਾਪੂ ਜੀ ਤੁਹਾਡੇ ਪਿਛੇ ਚਲੇ ਆਉਂਦੇ ਨੇ। ਸੋਹਣੇ ੨ ਮਹਿਲ ਤੁਸਾਂ ਲਈ ਬਨੌਂਦੇ ਨੇ। ਭਾਣਾਂ ਮੰਨੋ ਵਾਹਿਗੁਰੂ ਦਾ

Digitized by Panjab Digital Library | www.panjabdigilib.org

ਧਰੋ ਧੀਰ ਵੇ । ਅੜਿਆ ਜੋ ਭਾਂਡਾ ਭੱਜਨਾ ਅਖੀਰ ਵੇ। ਜਗ ਉਤੇ ਜਸ ਪੁਤ ਖਟ ਜਾਵਨਾ। ਜਨਮ ਮਨੁਖ ਦਾ ਨਾ ਫੇਰ ਆਵਨਾਂ। ਬਿਪਤਾ ਏ ਪਾਈ ਸਾਨੂੰ ਭਗਵਾਨ ਵੇ। ਹੋ ਗਏ ਸਾਡੇ ਵੈਰੀ ਜ਼ਿਮੀ ਅਸਮਾਨ ਵੇ। ਭਾਂਬੜ ਜਗਤ ਵਿਚ ਮਚੇ ਅੱਤ ਦੇ। ਠੰਡੇ ਕਰ ਜਾਵੇ ਛਟੇ ਮਾਰ ਰੱਤ ਦੇ। ਕਰਨਾ ਅਜ਼ਾਦ ਭਾਰਤ ਗ਼ੁਲਾਮ ਨੂੰ। ਹਿੰਦ ਵਿਚੋਂ ਮੇਟ ਮੁਗ਼ਲਾਂ ਦੇ ਨਾਮ ਨੂੰ। ਚਮਕਨਾ ਏ ਸੂਰਜ ਤਹਾਡੇ ਤੇਜਦਾ। ਤਦੇ ਅਵਤਾਰ ਵਾਹਿਗੁਰੂ ਏ ਭੇਜਦਾ। ਬਰਕਤ ਸਿੰਘ ਰਾਖਾ ਸਾਡਾ ਦਸਮੇਸ਼ ਵੇ। ਕਰੂਗਾ ਤੁਹਾਡੀ ਪੂਜਾ ਕੁਲ ਦੇਸ ਵੇ।

(ਗੰਗੂ ਦੀ ਬੇਈਮਾਨੀ)

ਦੋਹਿਰਾ—ਗੰਗੂ ਦੌਲਤ ਵੇਖਕੇ, ਹੋਇਆ ਬਈਮਾਨ।
ਜ਼ੇਹਰ ਖੁਵਾਕੇ ਮਾਰੀਏ, ਦਿਲ ਵਿਚ ਲੀਤਾ ਠਾਨ।
ਮਾਂ ਗੰਗੂ ਦੀ ਆਖਦੀ, ਇਹ ਨਾ ਕਹਿਰ ਕਮਾ।
ਸੱਜਨ ਤੈਨੂੰ ਜਾਣ ਇਹ, ਸ਼ਰਨ ਗਏ ਨੇ ਆ।
ਮਾਂ ਤੋਂ ਲਾਹਨਤ ਸੁਣਦਿਆਂ, ਗੰਗੂ ਬੇ-ਪਰਤੀਤ।
ਉਪਰੋਂ ਸਾਧੂ ਬਣ ਗਿਆ, ਵਿੱਚੋਂ ਖੋਟੀ ਨੀਤ।
ਹਰ ਦਮ ਸੋਚਾਂ ਸੋਚਦਾ, ਕਿਵੇਂ ਥਿਆਵੇ ਮਾਲ।
ਇਕ ਦਿਨ ਦਾ ਥਿਆ ਗਿਆ, ਰੱਬ ਦੀ ਕੁਦਰਤ ਨਾਲ।

(ਤਥਾ—ਡਿਉੜ ਛੰਦ)

ਕਈ ਰੋਜ ਹੋਏ ਕਰਮਾਂ ਦੀ ਮਾਰੀ ਨੂੰ, ਲੱਗਦੀ ਨਾ ਅੱਖ ਸੀ।
ਜਾਗਦੀ ਲੰਘਾਵੇ ਮਾਤਾ ਰਾਤ ਸਾਰੀ ਨੂੰ, ਵੈਰੀ ਹੋਏ ਲੱਖ ਸੀ।
ਕੱਲੀ ਹੈਸੀ ਮਾਤਾ ਬੁਢੜੀ ਦੀ ਜਾਨ ਜੀ, ਸੰਸਾ ਸਾਰੇ ਬੰਸ ਦਾ।
ਲੁਟੇ ਗਏ ਜਿਦ੍ਹੇ ਕੁਲ ਸ਼ਾਹੀ ਸ਼ਾਨ ਜੀ, ਤੇ ਵਛੋੜਾ ਅੰਸ ਦਾ।
ਗੰਗੂ ਵੀ ਹਰਾਮੀ ਚੋਰਾਂ ਦੇ ਸਮਾਨ ਜੀ, ਨੇਕੀਆਂ ਵਿਸਾਰ ਕੇ।
ਖੁਰਜੀ ਦੇ ਵਿਚ ਰੱਖਦਾ ਧਿਆਨ ਜੀ, ਬੇਹਿੰਦਾ ਘਾਸ ਮਾਰ ਕੇ।

Digitized by Panjab Digital Library | www.panjabdigilib.org

ਇਕ ਰਾਤ ਚਿੜੀ ਵਾਂਗ ਲੱਗੀ ਅੱਖ ਜੀ, ਕਰਮਾਂ ਦੀ ਮਾਰੀ ਦੀ।
ਖੁਰਜੀ ਉਠਾਕੇ ਗੰਗੇ ਲੀਤੀ ਰੱਖ ਜੀ, ਫੁਰ ਗਈ ਮਕਾਰੀ ਦੀ।
ਦੋਵੇਂ ਦਰਵਾਜੇ ਖੋਲ੍ਹਕੇ ਸ਼ੈਤਾਨ ਜੀ, ਚੋਰ ਚੋਰ ਬੋਲਿਆ।
ਲੈ ਗਏ ਚੋਰ ਮੇਰਾ ਲੁੱਟਕੇ ਸਮਾਨ ਜੀ, ਘਰ ਬੂਹਾ ਫੋਲਿਆ।
ਆਖਦੀ ਹੈ ਮਾਤਾ ਗੰਗੂ ਸੁਨ ਬਾਤ ਵੇ, ਏਹ ਕੀ ਲੋਹੜਾ ਮਾਰਿਆ।
ਢੱਠੇ ਖੂਹ ਪਵੇ ਚੰਦਰੀ ਏਹ ਦਾਤ ਵੇ, ਕੈਹਰ ਈ ਗੁਜ਼ਾਰਿਆ।
ਸਾਰੀ ਰਾਤ ਜਾਗਦੀ ਰਹੀ ਮੈਂ ਲਾਲ ਵੇ, ਕਿੱਥੋਂ ਚੋਰ ਆਇਆ ਏ।
ਹੋਰ ਵੀ ਦਿਆਂਗੀ ਤੈਨੂੰ ਧੰਨ ਲਾਲ ਵੇ, ਸਾਨੂੰ ਤੂੰ ਬਚਾਇਆ ਏ।
ਵਾਸਤੇ ਗੁਰੂ ਦੇ ਐਵੇਂ ਪਾ ਨਾਂ ਸ਼ੋਰ ਵੇ, ਵੈਰੀ ਸਾਡਾ ਜੱਗ ਵੇ।
ਖੂਹੋਂ ਕਢ ਖਾਤੇ ਨਾ ਸੁਟੀਂ ਹੋਰ ਵੇ, ਮੈਨੂੰ ਲਗੀ ਅਗ ਵੇ।
ਸਾਰੀ ਹੀ ਉਮਰ ਤੇਰੀ ਨੇਕੀ ਚੰਦ ਵੇ, ਦਿਲੋਂ ਨਾਂ ਭੁਲਾਵਾਂਗੀ।
ਮਿਲਾਂਗੀ ਗੁਰਾਂ ਨੂੰ ਜਦੋਂ ਜਾਂ 'ਅਨੰਦ' ਵੇ, ਮਰਤਬੇ ਦੁਆਵਾਂਗੀ।

ਦੋਹਰਾ—ਸੁਣ ਗੰਗੂ ਇਸ ਬਾਤ ਨੂੰ, ਮਨ ਮੇਂ ਕਰੇ ਵਿਚਾਰ।
ਜੇਕਰ ਜੀਂਦੇ ਚਲੇ ਗਏ, ਮੈਨੂੰ ਕਰਨ ਖੁਵਾਰ।
ਜੇਕਰ ਸੁਣਿਆ ਹਾਕਮਾਂ, ਬਾਗ਼ੀ ਰਖੇ ਪਾਸ।
ਤਾਂ ਵੀ ਮੇਰੇ ਬੰਸ ਦਾ, ਹੋਸੀ ਸਤਿਆ ਨਾਸ।
ਚੰਗੀ ਇਹੀ ਬਾਤ ਹੈ, ਆਪੀਂ ਦਿਆਂ ਫੜਾ।
ਖੁਰਜੀ ਵਾਲੀ ਕਿਤੇ ਨਾ, ਨਿਕਲੇ ਫੇਰ ਹਵਾ।
ਸਾਰੀ ਉਮਰਾਂ ਇਨ੍ਹਾਂ ਦੇ, ਘਰਦੇ ਰਹੇ ਗੁਲਾਮ।
ਘਰ ਵਿਚ ਆਈ ਲਛਮੀ, ਕਰੀਏ ਬੈਠ ਅਰਾਮ।
ਕਹਿੰਦਾ ਮਾਈ ਠਹਿਰ ਜਾ ਲੈਂਦਾ ਹਾਂ ਹੁਣ ਸਾਰ।
ਮੈਨੂੰ ਚੋਰ ਬਨਾਂਵਦੀ, ਨੇਕੀ ਦਾ ਵਿਵਹਾਰ।

(ਜਵਾਬ ਮਾਤਾ—ਫਿਰਨਾਂ ਛੰਦ)

ਮਾਤਾ ਹੱਥ ਜੋੜਦੀ ਸੁਨੀ ਵੇ ਬੱਚਿਆ। ਮੇਰੇ ਰੋਮ ਰੋਮ ਵਿਚ ਦੁਖ ਰਚਿਆ। ਇੱਕੀ ਸਾਲ ਰਿਹੋਂ ਵਿਚ ਮੇਰੇ ਘਰ ਦੇ।

Digitized by Panjab Digital Library | www.panjabdigilib.org

ਪੁਤਾਂ ਵਾਂਗ ਤੈਨੂੰ ਰਹੇ ਪਿਆਰ ਕਰਦੇ। ਮੇਰੇ ਅੱਲੇ ਫੱਟਾਂ ਤੇ ਨਾ ਲੂਨ ਪਵੀਂ ਵੇ। ਦੁਖੀਆਂ ਨੂੰ ਪੰਡਤਾ ਤੂੰ ਨਾਂ ਦੁਖਵੀਂ ਵੇ। ਪੰਡਤਾ ਮੈਂ ਤੈਨੂੰ ਕਦੋਂ ਕਿਹਾ ਚੋਰ ਵੇ। ਐਵੇਂ ਮਜ਼ਲੂਮਾਂ ਨੂੰ ਦਿਖਾਵੇਂ ਜ਼ੋਰ ਵੇ। ਜੰਗਲੋਂ ਬਚਾਕੇ ਸਾਨੂੰ ਆਂਦਾ ਘਰ ਵੇ। ਅਸੀਂ ਕਰਜਾਈ ਤੇਰੇ ਆਯੂ ਭਰ ਵੇ। ਬਦਨ ਗੁਲਾਬੀ ਤੋੜ ਨਾ ਰੁਲਾਵੀਂ ਵੇ। ਦੁਖੀਆਂ ਨੂੰ ਪੰਡਤਾ ਤੂੰ ਨਾ ਦੁਖਾਵੀਂ ਵੇ। ਹੀਰੇ, ਲਾਲ, ਰੋੜ ਅਸੀਂ ਹੋਏ ਕੰਗਾਲ ਵ। ਖੁਰਜੀ ਦਾ ਮੈਨੂੰ ਰੱਤੀ ਨਾਂ ਖਿਆਲ ਵੇ। ਨਿੱਕੀ ਜਹੀ ਲਾਲਾਂ ਦੀ ਮਾਸੂਮ ਜੋੜੀ ਵੇ। ਠੰਡੇ ਖਾ ਖਾ ਅਪੜੀ ਤੇਰੇ ਤੋੜੀ ਵੇ। ਬਾਂਹੇ ਫੜ ਆਂਦਾ ਤੋੜ ਈ ਨਭਾਵੀਂ ਵੇ। ਦੁਖੀਆਂ ਨੂੰ ਪੰਡਤਾ ਤੂੰ ਨਾਂ ਦੁਖਾਵੀਂ ਵੇ। ਗੁਰੂ ਜੀ ਮਲਾ ਦੇ ਮੈਨੂੰ ਇਕ ਵਾਰ ਵੇ। ਧੰਨ ਨਾਲ ਤੇਰੇ ਭਰਾਂ ਘਰ ਬਾਰ ਵੇ। ਵੇਖ ਲਵੇ ਵੈਰੀ ਜੇ ਕੋਈ ਸਾਨੂੰ ਅਜ ਵੇ। ਸਾਡੇ ਸੀਸ ਉਤੇ ਕਾਲ ਪਵੇ ਗਜ ਵੇ। ਲਾਲਾਂ ਸੰਦੀ ਲੜੀ ਨਾ ਲੁਟਾਵੀਂ ਵੇ। ਦੁਖੀਆਂ ਨੂੰ ਪੰਡਤਾ ਤੂੰ ਨਾਂ ਦੁਖਾਵੀ ਵੇ।

ਕਬਿਤ—ਮਾਤਾ ਜੀ ਦੇ ਹਾੜਿਆਂ ਦਾ ਗੰਗੂ ਨਾ ਧਿਆਨ ਕੀਤਾ, ਮਾਇਆ ਨਾਲ ਅੰਨਾ ਹੋਇਆ ਥਾਣੇ ਭਜ ਜਾਂਵਦਾ। ਗੁਰੂ ਜੀ ਦੇ ਬੇਟੇ ਅਤੇ ਮਾਤਾ ਆਏ ਘਰ ਮੇਰੇ, ਚਲੋ ਫੜ ਲਵੋ ਮੈਂ ਹਾਂ ਖਬਰ ਪੁਚਾਂਵਦਾ। ਚੜ੍ਹ ਪਏ ਮੁਰੰਡਿਊਂ ਨੇ ਜਾਨੀ ਮਾਨੀ, ਥਾਨੇਦਾਰ, ਬੈਠੇ ਹੋਏ ਅੰਦਰ ਤਿੰਨੇ ਚੰਦਰਾ ਫੜਾਂਵਦਾ। ਲਾਕੇ ਹੱਥਕੜੀ ਤਿੰਨੇ ਲੱਦ ਲਏ ਗੱਡੇ ਦੇ ਉਤੇ, ਵੇਖੋ 'ਬਰੱਹਮ-ਪੁਤ' ਨੇਕੀ ਕਿੱਦਾਂ ਦੀ ਕਮਾਂਵਦਾ।

(ਮਾਤਾ) ਝੋਕ—

ਆਖਦੀ ਮਾਤਾ ਗੰਗਿਆ ਨੇਕੀ ਵਾਹ ਕਮਾਈ ਆ। ਮਾਇਆ ਦਾ ਲਾਲਚ ਕਰਕੇ, ਬੇੜੀ ਰੋੜ੍ਹੇ ਪਾਈ ਆ। ਨਾਗਨੀ ਮਾਇਆ ਖਾਵੇ ਤੇਰੇ ਪਰਵਾਰ ਨੂੰ। ਰਹਿਸੀ ਨਾਂ ਕੋਲ ਤੇਰੇ,

Digitized by Panjab Digital Library | www.panjabdigilib.org

ਮੋਇਉਂ ਜਿਸ ਕਾਰ ਨੂੰ। ਦੁਖੀਆਂ ਨੂੰ ਪਾਸ ਲਿਆਕੇ, ਬਿਜਲੀ ਕੜਕਾਈ ਵੇ। ਜੰਗਲ ਵਿਚ ਰਹਿੰਦੇ ਖਵਰੇ, ਹੁੰਦੀ ਭਲਾਈ ਵੇ। ਚੰਗਾ ਏਹ ਭਾਣਾ ਹੈਸੀ, ਏਵੇਂ ਕਰਤਾਰ ਦਾ। ਉਜੜੀ ਮੈਂ ਹੁਕਮ ਨਾ ਮੰਨਿਆ, ਦਸਮੇਂ ਅਵਤਾਰ ਦਾ। ਪਾਲ ਕੇ ਬੂਟਾ ਹੱਥੀਂ ਅੱਗ ਲਗਾਈ ਆ। ਆਖਦੀ ਮਾਤਾ ਗੰਗਿਆ।

ਦੋਹਿਰਾ—ਜਾਨੀ ਮਾਨੀ ਸਮਝ ਗਏ, ਏਹ ਮਾਇਆ ਦੀ ਸੋ।

ਗੰਗੂ ਬੇਈਮਾਨ ਨੂੰ, ਲੈਂਦੇ ਨਾਲ ਪਰੋ।
ਮਾਰ ਮਾਰ ਕੇ ਜੁਤੀਆਂ, ਕੀਤਾ ਤਾਲੂ ਲਾਲ।
ਛੇਤੀ ਕੱਢ ਹਰਾਮੀਆਂ, ਸਭ ਏਹਨਾਂ ਦਾ ਮਾਲ।
ਓਸੇ ਵੇਲੇ ਨੀਚ ਨੇ, ਖੁਰਜੀ ਆਂਦੀ ਕੱਢ।
ਮਾਲ ਲੈ ਲਿਆ ਜ਼ਾਲਮਾਂ, ਗੰਗੂ ਦਿੱਤਾ ਛੱਡ।
ਲੈ ਤਿੰਨਾਂ ਨੂੰ ਚੰਦਰੇ, ਆਏ ਵਿਚ ਸਰਹੰਦ।
ਸ਼ੈਹਰੋਂ ਬੰਨੇ ਬੁਰਜ ਵਿਚ, ਕੀਤੇ ਆ ਕੇ ਬੰਦ।
ਰਾਤ ਗਈ ਦਿਨ ਚੜ੍ਹ ਪਿਆ, ਭਖਿਆ ਜਦ ਦਰਬਾਰ।
ਹਾਜ਼ਰ ਕੀਤੇ ਚੰਨ ਦੋ, ਸੁਣੋ ਨਾਲ ਵਿਸਥਾਰ।

ਛੰਦ—ਚੜ੍ਹਿਆ ਜਾਂ ਦਿਨ ਲੱਗਾ ਦਰਬਾਰ ਜੀ। ਮੌਲਵੀ, ਮੁਸੱਦੀ, ਆ ਗਏ ਅਹਿਲਕਾਰ ਜੀ। ਤਖਤ ਉਤੇ ਬਹਿ ਗਿਆ ਵਜੀਦ ਖਾਨ ਜੀ। ਬੈਠ ਗਏ ਚੁਫੇਰੇ ਗਾਜ਼ੀ ਨੌ-ਜੁਵਾਨ ਜੀ। ਸਾਹਿਬਜ਼ਾਦੇ ਦੋਵੇਂ ਜੇਹੜੇ ਵੇਲੇ ਆਂਵਦੇ, ਆਂਵਦੇ ਈ ਫਤਹਿ ਸਭ ਨੂੰ ਬੁਲਾਂਵਦੇ। ਵੇਖ ਵੇਖ ਏਹੋ ਨਿਕਲੇ ਜ਼ਬਾਨ ਤੋਂ। ਸੂਰਜ ਤੇ ਚੰਦ ਲੱਥੇ ਆਸਮਾਨ ਤੋਂ। ਏਹੋ ਜਹੇ ਮਾਸੂਮਾਂ ਨੂੰ ਜੋ ਹਥਕੜੀ ਮਾਰਦੇ। ਰੱਬਾ ਹੱਥ ਭੰਨੀ ਏਦਾਂ ਦੇ ਮਕਾਰ ਦੇ। ਫਤੇ ਸੁਨ ਹੋ ਗਏ ਸਾਰੇ ਕੋਲਾ ਸੜਕੇ। ਆਖਦੇ ਸਲਾਮ ਕਰੋ ਕੰਨ ਫੜਕੇ। ਗਾਜ਼ੀਆਂ ਦਾ ਕੈਂਹਦੇ ਸ਼ਾਹੀ ਦਰਬਾਰ ਹੈ। ਏਥੇ ਨਾ ਅਨੰਦ ਪੁਰੀ ਸਰਕਾਰ ਹੈ। ਵੇਖ ਕੇ ਮਾਸੂਮ ਹੈ ਤਰਸ ਆਂਵਦਾ। ਨਹੀਂ ਤਾਂ

Digitized by Panjab Digital Library | www.panjabdigilib.org

ਸਿਰ ਮਾਰ ਖੰਜਰ ਉਡਾਂਵਦਾ । ਕੱਢੋ ਹੁਣ ਦਿਲੋਂ ਸਿੱਖੀ ਵਾਲੇ ਤੈਸ਼ ਨੂੰ। ਕਲਮਾਂ ਕਬੂਲੋ ਬੈਠੇ ਕਰੋ ਐਸ਼ ਨੂੰ । ਬਾਪੂ ਹੁਣ ਗਿਆ ਏ ਤੁਸਾਂ ਦਾ ਮਾਰਿਆ । ਜਿਧਾ ਹੈਸੀ ਮਾਨ ਦਿਲਾਂ ਵਿਚ ਧਾਰਿਆ। ਭੱਠ ਪਵੇ ਸੋਨਾ ਜੇਹੜਾ ਕੰਨ ਤੋੜਦਾ । ਮੌਤ ਨਾਲ ਨਾਤਾ ਜੇ ਧਰਮ ਜੋੜਦਾ । ਤਾਂਹੀਂ ਮੈਂ ਰਿਆਇਤ ਕਰਾਂ ਨਾਲ ਆਪ ਦੇ। ਤੁਸੀਂ ਮੈਨੂੰ ਦੋਵੇਂ ਯੂਸਫ ਹੋ ਜਾਪਦੇ । ਬੇਗ਼ਮਾਂ ਦੇ ਡੋਲੇ ਲੈ ਬਹਿਸ਼ਤ ਜਾਵੋਗੇ । ਬਾਰਗਾਹੇ ਨਬੀ ਦੀ ਨਜਾਤ ਪਾਵੋਗੇ। ਝੰਡਾ ਇਸਲਾਮ ਦਾ ਹੈ ਸਾਰੇ ਗੱਡਨਾ । ਮੈਂ ਨਹੀਂ ਖੁਰਾ ਖੋਜ ਹਿੰਦੂਆਂ ਦਾ ਛੱਡਨਾ। ਬੱਚਿਓ ਜੁਵਾਨੀ ਮਾਨੋ ਰੱਜ ਰੱਜ ਕੇ। ਹੋਏ ਹੋ ਕੁਰੰਗ ਕਿਵੇਂ ਭਜ ਭਜ ਕੇ । ਬਰਕਤ ਸਿੰਘਾ ਸਾਡਾ ਜਾਮਨ ਕੁਰਾਨ ਹੈ। ਦੋਜ਼ਖਾਂ ਤੋਂ ਬੱਚਦਾ ਮੁਸਲਮਾਨ ਹੈ।

(ਜੁਵਾਬ ਸਾਹਿਬਜ਼ਾਦੇ)

ਛੰਦ–ਕਰੇਂ ਕਾਨੂੰ ਸੂਬਿਆ ਤੂੰ ਗੱਲਾਂ ਕੂੜੀਆਂ। ਫੋਲੀਏ ਕਿਉਂ ਕਾਗ ਬਣ ਅਸੀਂ ਰੂੜੀਆਂ । ਸਿੱਖ ਹਾਂ ਧਰਮ ਅਸਾਂ ਨੂੰ ਪਿਆਰਾ ਹੈ। ਮੌਤ ਵਾਲਾ ਫੱਟਾ ਅਸਾਂ ਜਾਤਾ ਖਾਰਾ ਹੈ । ਐਸ਼ਾਂ ਤਾਂ ਬਥੇਰੀਆਂ ਅਸਾਂ ਨੇ ਮਾਣੀਆਂ । ਲੱਭਨਾ ਅਖੀਰ ਜਿੰਦਗੀ ਦੇ ਪਾਣੀਆਂ। ਚੀਰ ਰੱਖ ਆਰਾ ਨਾ ਕਦੰਤ ਡੋਲੀਏ । ਫਤਹਿ ਛੱਡ ਕਾਸਨੂੰ ਸਲਾਮ ਬੋਲੀਏ। ਜੋਬਨ ਤੇ ਧਨ ਪਰੱਭਤਾ, ਦੇ ਮਦ ਨੇ। ਵਡੇ ਵਡੇ ਰਾਣੀ ਖਾਨ ਕੀਤੇ ਰੱਦ ਨੇ। ਕਾਰੂੰ, ਨਮਰੂਦ, ਜਹੇ ਜਹਾਨੋਂ ਹਾਰ ਗਏ । ਹੈਂਕੜ ਦੇ ਤੀਰ ਜੋ ਖ਼ੁਦਾ ਨੂੰ ਮਾਰ ਗਏ। ਫਿਰਾਊਨ, ਰਾਵਨ, ਜਹੇ ਖਾਲੀ ਚਲ ਗਏ । ਸਘਰ, ਦਲੀਪ, ਜਹੇ ਮਿੱਟੀ ਚਿ ਰਲ ਗਏ । ਸੂਬਿਆ ਤੂੰ ਮੂਲੀ ਦੱਸ ਕੇਹੜੇ ਬਾਗ ਦੀ। ਬੁਝਨ ਨੂੰ ਬੱਤੀ ਏ ਤੇਰੇ ਚਰਾਗ ਦੀ । ਮੌਤ ਨਾਰੀ ਵਰਨੇ ਦੀ ਸਾਨੂੰ ਰੀਜ ਹੈ। ਹੋਰ ਤੇਰੇ ਕੋਲ ਕੀ ਡਰੌਣੀ ਚੀਜ਼ ਹੈ। ਡੋਲਿਆਂ ਤੇ ਅਸੀਂ ਸੂਬਿਆ ਨਹੀਂ ਡੋਲਦੇ। ਕੀਮਤੀ

Digitized by Panjab Digital Library | www.panjabdigilib.org

ਧਰਮ ਖਾਕ ਚਿ ਨਹੀਂ ਰੋਲਦੇ। ਵੇਲਨੇ ਚਿ ਦੇਕੇ ਗੰਨੇ ਵਾਂਗ ਪੀੜਦੇ। ਤੋਪ ਗੋਲਾ ਮਾਰਨੇ ਨੂੰ ਸਾਂਹਵੇ ਬੀੜਦੇ। ਪੜਨਾ ਨਹੀਂ ਕਲਮਾਂ ਧਰਮ ਛੱਡਕੇ। ਚਾਹੜ ਮਨਸੂਰ ਵਾਂਗੂ ਸੂਲੀ ਗੱਡਕੇ। ਨਿਕੀ ਜਹੀ ਆਯੂ ਵੇਖਕੇ ਨਾ ਭੁਲ ਓਏ। ਸ਼ੇਰਾਂ ਦੇ ਪੁਤਰ ਹੁੰਦੇ ਸ਼ੇਰਾਂ ਤੁਲ ਓਏ।

(ਸੂਬੇ ਨੇ ਮਲੇਰ ਕੋਟਲੀਏ ਪਠਾਨ ਨੂੰ ਕਹਿਨਾ)

ਕਬਿੱਤ—ਮੁਛ ਕਰ ਕੁੰਡੀ ਕੋਲ ਬੈਠਾ ਹੋਇਆ ਸ਼ੇਰ ਖਾਂ ਸੀ, ਆਖਦਾ ਏ ਸੂਬਾ ਝਟ ਸਿਰਾਂ ਨੂੰ ਉਤਾਰ ਦੇ। *ਤੇਰੇ ਦਾਦੇ ਤਾਈਂ, ਦਾਦੇ ਏਹਨਾਂ ਦੇ ਨੇ ਮਾਰਿਆ ਸੀ, ਵੈਰੀ ਹੱਥ ਆਏ ਜਿਵੇਂ ਦਿਲ ਕਰੇ ਮਾਰਦੇ। ਦੁਧ ਦੀਆਂ ਦੰਦੀਆਂ ਅੰਬਰ ਪਈਆਂ ਪਾੜ ਦੀਆਂ, ਅਦਬ ਲਿਹਾਜ਼ ਰੱਤੀ ਜਿੰਨਾ ਨਹੀਂ ਵਿਚਾਰ ਦੇ। ਸਿਖੀ ਸਿਖੀ ਕੂਕਦੇ ਨੇ, ਸੱਪਾਂ ਵਾਂਗੂ ਸ਼ੂਕਦੇ ਨੇ, ਐਸੀ ਢੀਠ ਮਿਟੀ ਵਡੇ ਛੋਟੇ ਨਹੀਂ ਹਾਰਦੇ।

LIBRARY
A.C.C. 13479

ਦੁਭਾਗ ਛੰਦ--ਆਖਦਾਏ ਖਾਨ ਕੰਮਸੂਬਿਆ ਅਦਲ ਦਾ ਨਾ, ਦੱਸ ਕਿਥੇ ਲਿਖਿਆ ਮਾਸੂਮਾਂ ਤਾਈਂ ਮਾਰਨਾ। ਸੂਰਮੇ ਦਾ ਕੰਮ ਰੋਹ ਕਡਨਾ ਮੈਦਾਨ ਵਿਚ, ਲਾਹਨਤ ਹੈ ਬਾਲਾਂ ਉਤੇ ਹਥ ਦਾ ਉਲਾਰਨਾ। ਜਿਨ੍ਹਾਂ ਆਖੇ ਲਗਕੇ ਤੂੰ ਐਤਨੇ ਜ਼ੁਲਮ ਢਾਹਵੇਂ, ਏਹਨਾਂ ਕਾਜੀਆਂ ਨੇ ਤੈਨੂੰ ਪਾਰ ਨਾ ਉਤਾਰਨਾ। ਛੱਡ ਦੇ ਮਾਸੂਮ ਨੇਕੀ ਦੇਵੇਗਾ ਗ਼ਫ਼ਾਰ ਤੈਨੂੰ, ਰਾਜੇ ਦਾ ਨਹੀਂ ਕੰਮ ਕਹਿਰ ਪਰਜਾ ਤੇ ਗੁਜ਼ਾਰਨਾ।

ਸੂਬੇ ਦਾ ਹੁਕਮ

ਦੋਹਿਰਾ—ਦਿਲ ਸੂਬੇ ਦਾ ਕੰਬਿਆ, ਸੁਣ ਰਾਜੇ ਦੀ ਬਾਤ।
ਕੜੀਆਂ ਲਾਹਕੇ ਛਡ ਦਿਓ, ਸਣੇ ਏਹਨਾਂ ਦੀ ਮਾਤ।
ਕੋਲੋਂ ਉੱਠਕੇ ਆਖਦਾ, ਸੁਚਾ ਨੰਦ ਕਮਜਾਤ।

---

*ਧੈਦੇ ਖਾਨ ਨੂੰ ਗੁਰੂ ਹਰਗੋਬਿੰਦ ਜੀ ਨੇ ਮੈਦਾਨੇ ਜੰਗ ਵਿਚ ਮਾਰਿਆ ਸੀ।

Digitized by Panjab Digital Library | www.panjabdigilib.org

ਮੈਂ ਸਮਝਾਲਾਂ ਏਹਨਾਂ ਨੂੰ, ਠਹਿਰੋ ਅਜ ਦੀ ਰਾਤ।
ਵਿਚ ਬੁਰਜ ਦੇ ਐਹਦੀਏ, ਕਰ ਦੇਂਦੇ ਜਾਂ ਬੰਦ।
*ਤਿਨਾਂ ਨੂੰ ਸਮਝਾਂਵਦਾ, ਜਾ ਕੇ ਸੁਚਾ ਨੰਦ।

ਛੰਦ–ਸੁੱਚਾ ਨੰਦ ਏਦਾਂ ਖੋਲ੍ਹਦਾ ਜ਼ੁਬਾਨ ਨੂੰ। ਮਾਤਾ ਜਿੱਦਾਂ ਹੋਂਵਦਾ ਬਚਾ ਲੈ ਜਾਨ ਨੂੰ। †ਗੁਰੂ ਦਸਮੇਸ਼ ਨਾ ਤੁਸਾਂ ਨੂੰ ਲੱਭਨਾ, ਪਾਈ ਚਮਕੌਰ ਸ਼ਹੀਦੀ ਸੱਭਨਾਂ। ਇਕ ਗੱਲ ਤੁਸਾਂ ਦੇ ਭਲੇ ਦੀ ਦੱਸ ਦਾ। ਆਸ਼ਕ ਮੈਂ ਸੱਚਾ ਗੁਰੂ ਜੀ ਦੇ ਜੱਸ ਦਾ। ਵਕਤ ਟਪਾ ਲੈ ਮੰਨਕੇ ਕੁਰਾਨ ਨੂੰ। ਮਾਤਾ ਜਿੱਦਾਂ ਹੋਂਵਦਾ ਬਚਾ ਲੈ ਜਾਨ ਨੂੰ। ਮਾਤਾ ਤੂੰ ਸਿਆਣੀ ਵਕਤ ਸੰਭਾਲ ਲੈ, ਸੱਧਰਾਂ ਦੀ ਸੁਕਦੀ ਪਨੀਰੀ ਪਾਲ ਲੈ। ਆਉਣ ਜਦੋਂ ਸਿੱਖ ਫੇਰ ਚਲੇ ਜਾਵਨਾ। ਜਿੱਦਾਂ ਆਵੇ ਸਿੱਖੀ ਵਾਲੇ ਢੋਲੇ ਗਾਵਨਾ। ਕਾਇਮ ਰੱਖ ਦਸਮੇਸ਼ ਦੇ ਨਿਸ਼ਾਨ ਨੂੰ। ਮਾਤਾ ਜਿੱਦਾਂ ਹੋਂਵਦਾ ਬਚਾ ਲੈ ਜਾਨ ਨੂੰ। ਨੂਰੀ ਚਮਕੀਲੇ ਸੋਢੀਆਂ ਦੇ ਚੰਦ ਏਹ। ਸਦਾ ਲਈ ਬੁਰਜ ਚਿ ਨਾ ਰਹਿਨ ਬੰਦ ਏਹ। ਜਿੰਦ ਨਾਲ ਚੰਗਾ ਲੱਗਦਾ ਜਹਾਨ ਜੀ। ਡਾਢੇ ਨਾਲ ਅੱਡਾ ਕਰਦੇ ਵੈਰਾਨ ਜੀ। ਸਿੰਘਾਂ ਸਿਰ ਝੁਲੇ ਜ਼ੁਲਮ ਤੁਫਾਨ ਜੀ। ਮਾਤਾ ਜਿੱਦਾਂ ਹੋਂਵਦਾ ਬਚਾ ਲੈ ਜਾਨ ਜੀ।

(ਜੁਵਾਬ ਮਾਤਾ ਤੇ ਸਾਹਿਬਜ਼ਾਦੇ)

ਛੰਦ--ਕਿੱਥੋਂ ਹਿੰਦੂ ਕੌਮ ਦਾ ਤੂੰ ਆਇਆ ਯਾਰ ਓਏ। ਤੇਰੇ ਜੀਵਨੇ ਨੂੰ ਲਾਨ੍ਹਤਾਂ ਹਜ਼ਾਰ ਓਏ। ਲੋੜ ਨਹੀਂ ਸਾਨੂੰ ਜਾਨਾਂ ਦੇ ਬਚਾਨ ਦੀ। ਧਰਮ ਛੱਡ ਮਤ ਦੇਂਦਾ ਏਂ ਕੁਰਾਨ ਦੀ। ਮਤ ਵਾਲਾ ਮਾਰੂ ਇਕ ਰੋਜ ਵੱਜਨਾ। ਭਾਂਡਾ ਜੇਹੜਾ ਘੜਿਆ ਅਖੀਰ ਭੱਜਨਾ। ਵੱਡਿਆਂ ਦੇ ਨਾਮ ਨੂੰ ਲਗਾਂਈਏ ਦਾਗ ਓਏ।

---

*ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੇ ਸ਼ਾਹੀ ਲੰਗਰ ਦੀ ਰੋਟੀ ਖਾਣੋ ਹੜਤਾਲ ਕੀਤੀ ਸੀ। ਬਾਦ ਵਿਚ 'ਮੋਤੀ' ਮਹਿਰਾ ਏਹਨਾਂ ਨੂੰ ਰੋਟੀ ਖੁਲਾਨ ਤੇ ਦੁੱਧ ਪਾਣੀ ਪਲਾਨ ਤੇ ਲਗਾ ਦਿਤਾ ਗਿਆ ਸੀ:

†ਸ਼ਾਹੀ ਫੌਜ ਅਪਨੇ ਵਲੋਂ ਗੁਰੂ ਜੀ ਨੂੰ ਚਮਕੌਰ ਵਿਚ ਮਾਰ ਚੁਕੀ ਸੀ।

Digitized by Panjab Digital Library | www.panjabdigilib.org

ਸਾਡੇ ਜਿਹਾ ਕੌਨ ਫੇਰ ਮੰਦ ਭਾਗ ਓਏ । ਜੀਂਵਦੇ ਰਹੇ ਤੇ ਜੀਵਾਂਗੇ ਵੰਗਾਰ ਕੇ। ਮਰਾਂਗੇ ਧਰਮ ਉਤੋਂ ਜਾਨ ਵਾਰ ਕੇ। ਜੀਂਵਦੇ ਓ ਧੀਆਂ ਖਾਨਾਂ ਦੇ ਵਿਆਇਕੇ । ਡੁਬ ਮਰੋ ਚੱਪਨੀ ਚਿ ਪਾਨੀ ਪਾਇਕੇ। ਪੋਟਾ ਪੋਟਾ ਕੱਟ ਦੇਵੇ ਸੀ ਨਾ ਬੋਲੀਏ। ਬੇਗ਼ਮਾਂ ਦੇ ਡੋਲੇ ਵੇਖਕੇ ਨਾ ਡੋਲੀਏ। ਸਾਡੇ ਤੇ ਰਹਿਮ ਕਰੋ ਕੌਨ ਦੱਸ ਦਾ। ਰੱਜ ਰੱਜ ਖੱਟੋ ਟਿੱਕਾ ਆਪ ਜੱਸ ਦਾ। ਗੁਰੂ ਦਸਮੇਸ਼ ਰੱਬ ਦਾ ਪਿਆਰਾ ਏ । ਜੰਮਿਆ ਨਾਂ ਉਹਨੂੰ ਕੋਈ ਮਿਟਾਨ ਹਾਰਾ ਏ। ਮਿੱਟੀ ਵਿਚ ਨਾਮ ਪਾਜੀਆਂ ਦੇ ਰੁਲਨੇ। ਏਸ ਥਾਂ ਤੇ ਝੰਡੇ ਖਾਲਸੇ ਦੇ ਝੁਲਨੇ। ਹਿੰਦ ਨੂੰ ਜੋ ਸਾੜਿਆ ਜ਼ੁਲਮ ਅੱਤ ਨੇ। ਉਸਨੂੰ ਬੁਝਾਵਨਾ ਏਂ ਸਾਡੀ ਰੱਤ ਨੇ। ਦੂਰ ਹੋ ਜਾ ਏਥੋਂ ਉੱਠਕੇ ਸ਼ੈਤਾਨ ਉਏ । ਤੇਰੀ ਕਿਉਂ ਨਹੀਂ ਖਿੱਚੀ ਰੱਬ ਨੇ ਜ਼ਬਾਨ ਉਏ। ਨਿਰਾ ਹੈ ਕਲੰਕ ਰਾਮ ਜੀ ਦੇ ਨਾਮ ਨੂੰ । ਵੇਖੋਂ ਅੱਖੀਂ ਹਿੰਦ ਦੇ ਕਤਲ ਆਮ ਨੂੰ। ਲੱਖਾਂ ਸਾਡੇ ਵੀਰ ਪਾ ਗਏ ਨੇ ਸ਼ਹੀਦੀਆਂ। ਸਾਨੂੰ ਤੂੰ ਰਲਾਨ ਲੱਗੋਂ ਨਾਲ ਗੀਦੀਆਂ। ਵੇਖਕੇ ਨਾਦਾਨ ਸਾਨੂੰ ਲੀਤਾ ਘੇਰ ਉਏ। ਸ਼ੇਰਾਂ ਦੇ ਪੁਤਰ ਜੰਮਦੇ ਈ ਸ਼ੇਰ ਉਏ। ਪੈ ਗਏ ਤੇਰੇ ਵੱਸ ਮਰਜੀ ਕਰਾ ਲੈ ਤੂੰ ਛੱਡੀਏ ਨਾ ਧਰਮ ਪੁਜਦੀ ਪੁਜਾ ਲੈ ਤੂੰ।

(ਸੁਚਾ ਨੰਦ ਨੇ ਸੂਬੇ ਨੂੰ ਕਹਿਨਾ)

ਝੋਕ—ਜ਼ਾਲਮ ਦੀ ਰਾਤ ਲੰਘੀ ਪੀਸਦੇ ਦੰਦੀਆਂ । ਗੱਲਾਂ ਮਾਸੂਮਾਂ ਬਹੁਤ ਕੀਤੀਆਂ ਮੰਦੀਆਂ। ਰਹਿਮ ਸੀ ਆਉਂਦਾ ਮੈਨੂੰ ਏਹਨਾਂ ਦੀ ਜਾਨ ਤੇ, ਰੱਤੀ ਨਹੀਂ ਅਦਬ ਲਿਆਂਦਾ ਏਹਨਾਂ ਜ਼ਬਾਨ ਤੇ। ਕਰਨੀ ਦਾ ਫਲ ਭੁਗਤਾਕੇ, ਰੋਟੀ ਫੇਰ ਖਾਵਾਂਗਾ। ਅੱਗ ਸ਼ਰੀਅਤ ਦੀ ਤੇ ਤੇਲ ਹੁਨ ਪਾਵਾਂਗਾ । ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਤਲਵਾਰ ਨੇ । ਮੌਤ ਦੇ ਸਾਂਹਵੇ ਦਸਦੇ ਕੋੜਾ ਵੰਗਾਰ ਨੇ। ਛਡਾਂ ਗਾ ਜੇਭਾ ਨੂੰ ਹੁਣ ਮਾਰਕੇ ਜੰਦਰੀਆਂ।

Digitized by Panjab Digital Library | www.panjabdigilib.org

ਜ਼ਾਲਮਾਂ ਦੀ ਰਾਤ ਲੰਘੀ........।

੨—ਏਨਾ ਸਮਝਾਇਆ ਆਈ ਮਾਸਾ ਵਿਚਾਰ ਨਾ। ਹੀਰੇ ਜਨਮ ਦੀ ਮਾਸਾ ਏਹਨਾਂ ਨੂੰ ਸਾਰ ਨਾ। ਰਹਿਮ ਲਈ ਕੀਤੀ ਏਹਨਾਂ, ਉੱਕੀ ਪੁਕਾਰ ਨਾ। ਟੋਟਾ ਟੋਟਾ ਹੋਵਨ ਮੰਨਦੇ ਫੇਰ ਵੀ ਹਾਰ ਨਾ। ਖਵਰੇ ਕੀ ਗੁੜਤੀ ਮਾਪੇ, ਸਿੰਘਾਂ ਦੀ ਘੋਲਦੇ। ਚੀਰੇ ਜੇ ਜਾਵਨ ਸੀ ਏਹ ਤਾਹਵੀਂ ਨਹੀਂ ਬੋਲਦੇ। ਖਬਰੇ ਕੀ ਮਰਿਆਂ ਹੱਥ ਏਹਨਾਂ ਨੂੰ ਆਂਵਦਾ। ਦੁੱਧ ਦੀਆਂ ਦੰਦੀਆਂ, ਦਿਲ ਨਹੀਂ ਜੇ ਘਬਰਾਂਵਦਾ। ਮੌਤ ਦਾ ਨਾਵਾਂ ਸੁਨਕੇ ਆਂਹੀਂ ਬੁਲੰਦੀਆਂ। ਜ਼ਾਲਮ ਦੀ ਰਾਤ ਪਈ ਲੰਘੀ........।

(ਮਾਤਾ ਦੀ ਚੇਤਾਵਨੀ)

ਛੰਦ--ਆਖਦੀ ਏ ਮਾਤਾ ਸੁਣੋ ਲਾਲ ਵੇ। ਅਜ ਤੁਸਾਂ ਸਿਰ ਕੜਕਨਾ ਹੈ ਕਾਲ ਵੇ। ਦੇਵੇ ਭਾਵੇਂ ਜ਼ਾਲਮ ਹਜ਼ਾਰ ਦੁਖ ਵੇ। ਜ਼ਰਾ ਕੁਮਲਾਨ ਨਾ ਗੁਲਾਬੀ ਮੁਖ ਵੇ। ਸ਼ੇਰਨੀ ਦਾ ਦੁੱਧ ਪੀਤਾ ਬਨੋ ਸ਼ੇਰ ਵੇ। ਮਾਨਸ ਜਨਮ ਨਾ ਬਿਆਉਨਾ ਫੇਰ ਵੇ। ਪਿਤਾ ਜੀ ਦੇ ਨਾਮ ਨੂੰ ਨਾ ਲਾਜ ਲਾਵਨੀ। ਬਾਬੇ ਵਾਲੀ ਮੜ੍ਹੀ ਤੁਸਾਂ ਚਮਕਾਵਨੀ। ਸਤਿਗੁਰੂ ਅਰਜਨ ਤੁਹਾਡਾ ਦਾਦਾ ਵੇ। ਤੁਸਾਂ ਲਈ ਪਕਾਂਵਦਾ ਏ ਪਰਸ਼ਾਦਾ ਵੇ। ਜਾਕੇ ਗੋਦ ਉਹਨਾਂ ਦੀ ਚਿ ਬਹਿਣਾ ਪੁਤਰੋ। ਜੱਸ ਸੰਸਾਰ ਉਤੇ ਲੈਣਾ ਪੁਤਰੋ। ਦੋਵੇਂ ਸਾਹਿਬਜ਼ਾਦੇ ਕਹਿੰਦੇ ਹੱਥ ਜੋੜ ਜੀ। ਇੱਕੋ ਹੈ ਤੁਹਾਡੀ ਕ੍ਰਿਪਾ ਦੀ ਲੋੜ ਜੀ। ਸੂਬਾ ਭਾਵੇਂ ਦੇਵੇ ਦੁਖੜੇ ਹਜ਼ਾਰ ਜੀ। ਲਾਲਚਾਂ ਦੇ ਭਾਵੇਂ ਭਰ ਦੇ ਭੰਡਾਰ ਜੀ। ਕਿਸੇ ਗੱਲ ਉਤੇ ਦਿਲ ਨਹੀਂ ਡੁਲਾਵਨਾ। ਖਾਲਸੇ ਦੇ ਨਾਮ ਨੂੰ ਨਾ ਦਾਗ ਲਾਵਨਾ। ਸਿਦਕ ਦੇ ਸੇਹਰੇ ਮੱਥੇ ਉੱਤੇ ਕੱਸ ਦੇ। ਮੌਤ ਲਾੜੀ ਅਸਾਂ ਹੈ ਵਿਆਹੁਣੀ ਹੱਸ ਕੇ। ਭਾਵੇਂ ਹਾਂ ਨਾਦਾਨ ਹੌਂਸਲੇ ਬੁਲੰਦ ਨੇ। ਤਾਰਿਆਂ ਚਿ ਕਦੇ ਲੁਕਨਾ ਨਾ ਚੰਦ ਨੇ। ਸੀਸ ਉਤੇ ਰੱਖ ਆਰਾ ਭਾਵੇਂ ਚੀਰ ਦੇ।

Digitized by Panjab Digital Library | www.panjabdigilib.org

ਦੇਗਾਂ ਵਿਚ ਰਿੰਨ੍ਹੇ ਭਾਵੇਂ ਵਾਂਗ ਖੀਰ ਦੇ। 'ਫਤਹਿ' ਸਾਡਾ ਨਾਮ ਨਾ ਕਦੇ ਵੀ ਹਾਰੀਏ। ਅਸੀਂ 'ਜ਼ੋਰਾਵਰ' ਹਾਂ ਮੈਦਾਨ ਮਾਰੀਏ। ਸਮਸ ਸਮਾਨ ਪੁਠੀ ਖੱਲ ਲਾਹਵੇ ਜੇ। ਵਾਂਗ ਮਨਸੂਰ ਸੂਲੀ ਤੇ ਝੜਾਵੇ ਜੇ। ਮਾਤਾ ਅਜ ਸਾਨੂੰ ਦੇਵੋ ਏਹ ਅਸੀਸ ਜੀ। ਅੰਗ ਸੰਗ ਸਾਡੇ ਹੋਵੇ ਜਗਦੀਸ ਜੀ।

(ਕਚਹਿਰੀ)

ਦੋਹਿਰਾ—*ਉਠ ਸਵੇਰੇ ਮਾਂ ਦੀਆਂ, ਕਰ ਪਰਕਰਮਾਂ ਚਾਰ।
ਨਾਲ ਐਹਦੀਆਂ ਤੁਰ ਪਏ, ਬੱਚੇ ਵੱਲ ਦਰਬਾਰ।
ਉਦਾਂ ਈ ਦਰਬਾਰ ਵਿਚ ਫਤੇ ਬੁਲਾਂਦੇ ਆਨ।
ਸੜ ਸੜ ਕੋਲੇ ਹੋ ਗਏ, ਸਾਰੇ ਮੁਸਲਮਾਨ।
ਅੱਗੇ ਈ ਸੂਬਾ ਸੱਪ ਵਾਂਗ, ਰਿਹਾ ਸੀ ਰੋਹ ਵਿਚ ਸੂਕ।
ਧੁਖਦੀ ਅੱਗ ਮਚਾ ਦਿੱਤੀ, ਮਾਰ ਸੁਚੰ ਨੇ ਫੂਕ।

ਗੁਸੇ ਵਿਚ ਸੂਬੇ ਦਾ ਸਾਹਿਬਜ਼ਾਦਿਆਂ ਨੂੰ ਕਹਿਣਾ (ਡਿਉਡਾ ਛੰਦ)

ਆਖਦਾ ਏ ਸੂਬਾ ਛੇਤੀ ਕਰੋ ਗੱਲ ਉਏ, ਝਗੜਾ ਮੁਕਾ ਦਿਉ।
ਮੰਨਣਾ ਜਾਂ ਦੀਨ ਕਿ ਲੁਹਾਣੀ ਖੱਲ ਉਏ, ਸੱਚ ਬਤਲਾ ਦਿਉ।
ਨਿੱਕੇ ਜਹੇ ਮਾਸੂਮ ਮੌਤ ਤੋਂ ਨਾਂ ਡਰਦੇ, ਗੱਲਾਂ ਨੇ ਨਿਆਰੀਆਂ।
ਮਾਈ ਨਾਲ ਰਹੇ ਕੀ ਸਲਾਹ ਕਰਦੇ, ਕਿਦ੍ਹਾਂ ਨੇ ਤਿਆਰੀਆਂ।
ਜੇਹੜੀ ਦਿਲ ਆਵੇ ਨਾ ਲਗਾਉ ਪਲ ਓਏ, ਖੋਲ੍ਹਕੇ ਸੁਣਾ ਦਿਉ।
ਆਖਦਾ ਏ ਸੂਬਾ ਛੇਤੀ ਕਰੋ ਗੱਲ ਉਏ, ਝਗੜਾ ਮੁਕਾ ਦਿਉ।
ਮੌਤ ਹੈ ਪਿਆਰੀ ਕੇ ਪਿਆਰੀ ਜਾਨ ਉਏ, ਕੇਹੜੇ ਰਾਹੇ ਜਾਵਣਾ।
ਕਲਮਾ ਕਬੂਲ ਪੜ੍ਹ ਲੌ ਕੁਰਾਨ ਉਏ, ਆਪਾ ਜੇ ਬਚਾਵਣਾ।
ਬੇਗ਼ਮਾਂ ਵਿਆਹਵੋ ਤੇ ਲਵੋ ਅਨੰਦ ਉਏ, ਖੇਡ ਦਿਨ ਚਾਰ ਦੀ।
ਦੋਜ਼ਖਾਂ ਦੀ ਅੱਗ ਚਿ ਨਾਂ ਸੜੋ ਚੰਦ ਉਏ, ਰਹਿਮਤ ਗੁਫਾਰ ਦੀ।
ਮਸਲਾ ਦੋਹਰਫ਼ਾ ਕਰੋ ਏਹ ਹਲ ਉਏ, ਚਿਰ ਨਾ ਲਗਾ ਦਿਉ।

---

*ਜ਼ੋਰਾਵਰ ਸਿੰਘ ਦੀ ਆਯੂ ੯ ਸਾਲ, ਤੇ ਫਤੇ ਸਿੰਘ ਦੀ ੭ ਸਾਲ ਸੀ।

Digitized by Panjab Digital Library | www.panjabdigilib.org

ਆਖਦਾ ਏ ਸੂਬਾ ਛੇਤੀ ਕਰੋ ਗੱਲ ਉਏ, ਝਗੜਾ ਮੁਕਾ ਦਿਉ।

(ਸਾਹਿਬਜ਼ਾਦੇ)

ਕਾਹਨੂੰ ਪਿਆ ਮਗਜ਼ ਖਪਾਵੇਂ ਸੂਬਿਆ, ਆਖ ਬਾਰ ਬਾਰ ਤੂੰ।
ਪਾਣੀ ਚਿ ਮਧਾਣੀ ਨੂੰ ਘੁਮਾਵੇਂ ਸੂਬਿਆ, ਆਖ ਖਾਂ ਹਜ਼ਾਰ ਤੂੰ।
ਛੱਡਕੇ ਧਰਮ, ਮੰਨੀਏ ਈਮਾਨ ਨੂੰ, ਐਸੀ ਆਸ ਰੱਖ ਨਾ।
ਨਿਕਲਦੀ ਜਿਵੇਂ ਕੱਢ ਲੈ ਖਾਂ ਜਾਨ ਨੂੰ, ਸਾਨੂੰ ਖੌਫ਼ ਕੱਖ ਨਾ।
ਦਾਗ਼ ਦੀਵੇ ਚੰਨ ਨੂੰ ਲਗਾਵੇਂ ਸੂਬਿਆ, ਦੱਸ ਕੇ ਟੰਗਾਰ ਤੂੰ।
ਕਾਹਨੂੰ ਪਿਆ ਮੰਗਜ਼ ਖਪਾਵੇਂ ਸੂਬਿਆ, ਆਖ ਬਾਰ ਬਾਰ ਤੂੰ।
ਦਸਮ ਗੁਰੂ ਦੇ ਹਾਂ ਬੱਬਰ ਸ਼ੇਰ ਉਏ, ਨਾ ਧਰਮ ਛੱਡੀਏ।
ਮੌਤ ਨੇ ਅਖੀਰ ਆਏ ਲੈਨਾ ਘੇਰ ਉਏ, ਲੱਖ ਆਢੇ ਅੱਡੀਏ।
ਪੋਟਾ ਪੋਟਾ ਭਾਵੇਂ ਵਾਂਗਰ ਗਨੇਰੀਆਂ, ਤੂੰ ਅਸਾਡਾ ਕੱਟਦੇ।
ਭਾਵੇਂ ਕੀਮਾ ਕੁਟਰਕੇ ਲਗਾ ਦੇ ਢੇਰੀਆਂ, ਜੂਝਨਾ ਹੈ ਡੱਟਕੇ।
ਈਨਾਂ ਸਾਨੂੰ ਕਿਸਤਰ੍ਹਾਂ ਮਨਾਵੇਂ ਸੂਬਿਆ, ਨਾਲ ਤਲਵਾਰ ਤੂੰ।
ਕਾਹਨੂੰ ਪਿਆ ਮਗਜ਼ ਖਪਾਵੇਂ ਸੂਬਿਆ, ਆਖ ਬਾਰ ਬਾਰ ਤੂੰ।

(ਹੁਕਮ)

ਸੂਬੇ ਉਸੇ ਵਕਤ ਈ, ਰਾਜ ਲਏ ਮੰਗਵਾ।
ਨੀਂਹ ਦੇ ਵਿਚ ਚਿਨ ਦਿਉ, ਦਿੱਤਾ ਹੁਕਮ ਸੁਨਾ।
ਗੋਡਿਆਂ ਤੀਕਰ ਅਪੜੇ, ਜੇਹੜੇ ਵਕਤ ਦੀਵਾਰ।
ਮੈਨੂੰ ਕੋਲ ਬੁਲਾਵਨਾ, ਓਥੇ ਕੰਧ ਖਲਾਰ।

ਛੰਦ—ਕਿਲ੍ਹੇ ਵਿਚ ਲੈ ਗਏ ਫੜਕੇ ਜਲਾਦ ਜੀ। ਕਰਦੇ ਨੇ ਸ਼ੇਰ ਵਾਹਿਗੁਰੂ ਨੂੰ ਯਾਦ ਜੀ। ਇੱਟਾਂ ਮਜ਼ਦੂਰਾਂ ਸੁਟੀਆਂ ਨੇ ਆਨ ਜੀ। ਤੇਸੀ, ਕਾਂਡੀ, ਲੈ ਕੇ ਆ ਗਏ ਤਰਖਾਨ ਜੀ। ਛਾਂਗ ਛਾਂਗ ਗਿੱਟੇ ਗੋਡੇ ਇੱਟਾਂ ਲਾਂਵਦੇ। ਨਾਲੋ ਨਾਲ ਚੂਨੇ ਗੱਜ ਕਰੀ ਜਾਂਵਦੇ। ਵੇਖਕੇ ਉਲਾਦ-ਵੰਦ ਨਰ ਨਾਰ ਜੀ। ਢਾਹੀ ਮਾਰ ਰੋਂਵਦੇ ਨੇ ਜ਼ਾਰੋ ਜ਼ਾਰ ਜੀ। ਬੱਚੇ ਬੁਡਿਆਂ ਤੇ

Digitized by Panjab Digital Library | www.panjabdigilib.org

ਢਾਹਵੇ ਜੇ ਤਬਾਹੀ ਨੂੰ। ਸ਼ਾਹਲਾ ਕਰੀਂ ਗ਼ਰਕ ਅਜੇਹੀ ਸ਼ਾਹੀ ਨੂੰ। ਕਰਨਾ ਮਾਸੂਮਾਂ ਤੇ ਐਸਾਨ ਲਿਖਿਆ। ਕਿਤੇ ਨਹੀਂ ਏਹ ਫਤਵਾ ਕੁਰਾਨ ਲਿਖਿਆ। ਕੀੜਾ ਇਸਲਾਮ ਬਦਨਾਮ ਮੁਗਲਾਂ। ਕਰ ਕਰ ਜ਼ੁਲਮ ਤਮਾਮ ਮੁਗਲਾਂ। ਦੋਵੇਂ ਨੈਨ ਮੁੰਦਕੇ ਪਿਆਰੇ ਲਾਲ ਜੀ। ਜੋੜ ਲੈਂਦੇ ਸੁਤਾਂ ਨਾਲ ਜੋ ਅਕਾਲ ਜੀ। 'ਜਨਕ' ਦੇ ਵਾਂਗਰਾਂ ਬ-ਦੇਹ ਹੋ ਗਏ। ਵਾਂਗਰ 'ਧ੍ਰੂ' ਦੇ ਅਸਨੇਹ ਹੋ ਗਏ। ਵੱਜਦੀਆਂ ਸੱਟਾਂ ਸੀ ਨਾ ਜ਼ਰਾ ਬੋਲਦੇ। ਵਗਦੇ ਫੁਹਾਰੇ ਲਹੂ ਦੇ ਨਹੀਂ ਜੇ ਡੋਲਦੇ। ਖੜੇ ਨੇ ਨਿਧੱੜਕ ਵਾਂਗੂ ਤਸਵੀਰ ਦੇ। ਤ੍ਰੇਸੀਆਂ ਨੇ ਲਾਹੇ ਛੋਡੇ ਨੇ ਸਰੀਰ ਦੇ। ਮੋਢਿਆਂ ਤੇ ਜਦੋਂ ਆ ਗਈ ਦੀਵਾਰ ਜੀ। ਉਸੇ ਵੇਲੇ ਝੱਟ ਆ ਗਿਆ ਮਕਾਰ ਜੀ। ਕਹਿੰਦਾ ਜ਼ੋਰਾਵਰ ਸਿੰਘਾ ਕੈਸਾ ਹਾਲ ਹੈ। ਦਸ ਫਤਹਿ ਸਿੰਘਾ ਹੁਣ ਕੀ ਖਿਆਲ ਹੈ। ਆਖਦੇ ਨੇ ਹੱਸ ਦੋਵੇਂ ਵਾਂਗ ਚੰਨ ਦੇ। ਵਾਹਿਗੁਰੂ ਦਾ ਮਿੱਠਾ ਭਾਣਾ ਹਾਂ ਪੈ ਮੰਨਦੇ। ਕੇਸਾਂ ਨਾਲ ਸਿਖੀ ਵਾਹਿਗੁਰੂ ਨਭਾ ਦਏ, ਕੰਡੇ ਉਤੇ ਬੇੜੀ ਖੜੀ ਪਾਰ ਲਾ ਲਏ। ਪੁਜਦੀਆ ਜਿਨੀ ਜ਼ਾਲਮਾਂ ਪੁਜਾ ਲੈ ਤੂੰ, ਲਾਹਨਤਾਂ ਦੇ ਟਿਕੇ ਮਥੇ ਤੇ ਲੁਵਾ ਲੈ ਤੂੰ। ਤੈਥੋਂ ਬਾਰਗਾਹ ਚਿ ਲਵਾਂਗੇ ਹਸਾਬ ਓਏ। ਇਲਮਾਂ ਦੀ ਫੋਲ ਫੋਲ ਕੇ ਕਤਾਬ ਓਏ। ਭਾਂਡਾ ਜੇਹੜਾ ਘੜਿਆ ਅਖੀਰ ਭਜਨਾ। ਠੀਕਰਾ ਏਹ ਮਥੇ ਤੇਰੇ ਨਾਲ ਵਜਨਾ। ਉਡਣਗੇ ਤੂੰਬੇ ਜ਼ੁਲਮੀ ਸਮਾਜ ਦੇ। ਝੂਲਨੇ ਨੇ ਝੰਡੇ ਏਥੇ ਸਿਖ ਰਾਜ ਦੇ। ਲਾਲਚ ਦਾ ਕੰਡਾ ਨਹੀਂ ਅਸਾਂ ਨੂੰ ਚੁਭਨਾ। ਜ਼ੁਲਮ ਦਾ ਬੇੜਾ ਭਰ ਕੇ ਹੈ ਡੁਬਨਾ।

(ਸੂਬੇ ਨੇ ਸੀਸ ਕਟ ਦੇਣ ਦਾ ਹੁਕਮ ਦੇਣਾ)

ਸਾਸਲ, ਬਾਸਲ ਭਾਈ ਦੋ, ਸਯਦ ਜਾਤ ਮਕਾਰ। ਕਹਿੰਦਾ ਸੂਬਾ ਏਹਨਾਂ ਨੂੰ, ਪਕੜੋ ਝਟ ਤਲਵਾਰ। ਸ਼ਿਰ ਏਹਨਾਂ ਦਾ ਤਨਾਂ ਤੋਂ ਜਲਦੀ ਦਿਉ ਉਤਾਰ। ਧੜ ਏਹਨਾਂ ਦੇ ਰਹਿਣ ਦੇ, ਚਿਣੇ ਵਿਚ

Digitized by Panjab Digital Library | www.panjabdigilib.org

ਦੀਵਾਰ। ਹੁਕਮ ਜਲਾਦਾਂ ਸੁਣਦਿਆਂ, ਕੀਤੀ ਜ਼ਰਾ ਨਾ ਦੇਰ। ਸਾਬਣ ਵਾਂਗਰ ਕਟ ਦਿਤੇ ਸਿਰ ਝਟ ਇਕੋ ਵੇਰ। ਸਤਾਰਾਂ ਸੌ ਅਠਾਰਾਂ ਨੂੰ, ਤੇਰਾ ਪੋਹ ਦੀ ਜਾਨ। ਦੋਵੇਂ ਜਿੰਦਾਂ ਧਰਮ ਤੋਂ ਹੋ ਗਈਆਂ ਕੁਰਬਾਨ।

ਬੈਂਤ॥ ਕੰਧ ਮੋਢਿਆਂ ਤੀਕਰਾਂ ਜਦੋਂ ਆਂਈ, ਇਟਾਂ ਲਾਇਕੇ ਦੁਸ਼ਟ ਤਿਖਾਨ ਫੁਟ ਫੁਟ। ਜਦੋਂ ਜੋੜਾਂ ਨੂੰ ਤੇਸੀਆਂ ਨਾਲ ਛਾਂਗਣ, ਨਿਕਲਣ ਇਟਾਂ ਚੋਂ ਖੂੰਨੀ ਨਿਸ਼ਾਨ ਫੁਟ ਫੁਟ। ਖੜੇ ਵਾਂਗ ਮਜ਼ਲੂਮਦੇ ਤਕਦੇ ਨੇ,ਰੋਂਦੇ ਕੁਲ ਹਿੰਦੂ ਮੁਸਲਮਾਨ ਫੁਟ ਫੁਟ। ਸਾਸਲ,ਬਾਸਲ ਨੇ ਕਟਿਆ ਜਦੋਂ ਸਿਰ ਨੂੰ, ਰੋਣ ਲਗ ਪੇ ਜ਼ਿਮੀ ਅਸਮਾਨ ਫੁਟ ਫੁਟ। ਕੰਬੀ ਧਰਤ ਤੇ ਸਖਤ ਭੁਚਾਲ ਆਇਆ, ਕੰਧ ਜ਼ੁਲਮ ਵਾਲੀ ਪਾਸ਼ ਪਾਸ਼ ਹੋਈ। ਤੁਰਕ ਰਾਜ ਦੇ ਸੀਸ ਤੇ ਪਿਆ ਘਾਟਾ, ਹਾ ਹਾ ਕਾਰ ਸੀ ਵਿਚ ਅਕਾਸ਼ ਹੋਈ।

ਮਾਤਾ ਜੀ ਨੂੰ ਮੋਤੀ ਮਹਿਰੇ ਨੇ ਖਬਰ ਦੇਣੀ) [illegible] ॥

ਕਿਹਾ ਜਾਂ ਮੋਤੀ ਮਹਿਰੇ ਮਾਤਾ ਨੂੰ ਆਨ ਜੀ। ਮਾਤਾ ਤੇਰੇ ਪੋਤੇ ਹੋ ਗਏ ਕੁਰਬਾਨ ਜੀ। ਜ਼ਾਲਮ ਨੇ ਨੀਂਹਾ ਵਿਚ ਦੂਹਾ ਨੂੰ ਉਜਾੜਿਆ। ਤਰਲਾ ਬਥੇਰਾ ਸ਼ਹਿਰੀ ਹਿੰਦੂਆਂ ਨੇ ਮਾਰਿਆ। ਜ਼ਾਲਮ ਨੇ ਇਕ ਨਾ ਮੰਨੀ ਕੀਤਾ ਹੈ ਕਹਿਰ ਜੀ, ਸੂਬੇ ਨੂੰ ਲਾਹਨਤਾਂ ਪਾਂਦਾ ਸਾਰਾ ਈ ਸ਼ਹਿਰ ਜੀ। ਹਸ ਹਸ ਕੇ ਪੋਤੇ ਤੇਰੇ ਹੋ ਗਏ ਸ਼ਹੀਦ ਜੀ। ਭਲਿਆਂ ਘਰ ਮਾਤਮਾ ਜੱਲਾਦਾਂ ਦੇ ਈਦ ਜੀ। ਕਟੇ ਸਿਰ ਜਿਸ ਕੰਮ ਦੁਸ਼ਟਾਂ ਆਇਆ ਤੂਫਾਨ ਜੀ। ਮਾਤਾ ਅਜ ਪੋਤੇ ਤੇਰੇ ਹੋ ਗਏ ਕੁਰਬਾਨ ਜੀ।

ਸੁਚਾ ਨੰਦ ਚੰਦਰੇ ਲਾਈਆਂ ਭਰ ਭਰ ਕੇ ਲੂਤੀਆਂ। ਮਿਟੀ ਵਿਚ ਅਜ ਤੋਂ ਮਿਲ ਗਈਆਂ ਰਜਪੂਤੀਆਂ। ਹਾਰ ਕੇ ਮਲੇਰੀਆਂ ਨਾਹਰੇ ਰੋ ਰੋ ਮਾਰੇ ਨੇ। ਜ਼ੁਲਮੀ ਏਹ ਰਾਜ ਨਹੀਂ ਰਹਿਣਾ, ਵਾਕ ਉਚਾਰੇ ਨੇ। ਬਦਨ ਗੁਲਾਬੀ ਪਛੇ ਵਾਂਗਰ ਛਤੀਰ ਨੀ। ਡੋਲੇ ਨਹੀਂ ਸਿਰਕੋਂ ਮਾਤਾ, ਸੋਹਿਲ ਸਰੀਰ ਨੀ। ਸੂਬੇ ਬਤੇਰੇ ਡੋਰੇ, ਪਾਏ ਨੇ ਬਾਲਾਂ ਤੇ। ਰਾਈ ਭਰ ਅਸਰ ਨਾ ਹੋਇਆ, ਮਾਈ ਤੇਰੇ ਲਾਲਾਂ ਤੇ। ਭਾਣਾ ਤੇਰਾ ਮਿਠਾ ਵਾਹਿਗੁਰੂ, ਕਹਿੰਦਾ ਸੀ ਜ਼ਹਾਨ ਜੀ। ਮਾਤਾ ਅਜ ਪੋਤੇ ਤੇਰੇ।

(ਮਾਤਾ ਗੁਜਰੀ ਨੇ ਸਰੀਰ ਛੱਡਣਾ)

ਮਾਤਾ ਗੁਜਰੀ ਦੁੰਹਾਂ ਦੀ, ਸੁਣਕੇ ਸੱਚੀ ਸੋ। ਸ਼ੁਕਰ ਕਰੇ ਕਰਤਾਰ ਦਾ, ਗਈ ਸੁਰਖਰੂ ਹੋ। ਜਿਦੀ ਦਾਤ ਸੀ ਪੁਜ ਗਈ, ਉਸੇ ਦੇ ਦਰਬਾਰ। ਬਾਬੇ ਵਾਲੀ ਮੜੀ ਨੂੰ ਲਾ ਗਏ ਨੇ ਚੰਨ ਚਾਰ। ਜਪੁਜੀ ਸੰਦਾ ਪਾਠ ਕਰ, ਆਸਨ ਸੁਵੱਛ ਵਛਾ। ਪੰਜ ਭੂਤਕ ਦੇਹ ਛੱਡਕੇ, ਗਏ ਸੁਵਰਗ ਨੂੰ ਧਾ। ਟੋਡਰ ਮਲ ਦੀਵਾਨ ਨੂੰ, ਦਸਦਾ ਮੋਤੀ ਆਨ। ਮਾਤਾ ਸਚ ਖੰਡ ਚਲੀ ਗਈ, ਛੱਡ ਦੇਹੀ ਬੇਜਾਨ।

ਟੋਡਰ ਮਲ ਦੀਵਾਨ ਤੇ ਹੋਰ ਸ਼ਹਿਰੀ ਹਿੰਦੂ ਸਿੱਖਾਂ ਨੇ ਤੇ ਲੋਥਾਂ ਲੇਕੇ ਸਸਕਾਰ ਕਰਨਾ

ਛੰਦ-ਸ਼ਹਿਰ ਵਾਸੀ ਸਿਖ ਸੂਬੇ ਕੋਲ ਆਂਵਦੇ। ਸਸਕਾਰ ਲਈ ਬੇਨਤੀ ਸੁਨਾਂਵਦੇ। ਕਾਵਾਂ ਕੁਤੇ ਧੂਹ ਧੂਹ ਖਾਨ ਨਾਂ ਸਰੀਰਾਂ ਨੂੰ। ਅਦਬ ਨਾਲ ਲਈਏ ਕਰ ਸਸਕਾਰ ਪੀਰਾਂ ਨੂੰ। ਆਖਦਾ ਵਜੀਦਾ, ਦਸੋ ਅੱਲਾ ਆਸ ਤੇ। ਲਵੋਗੇ ਜਮੀਨ ਕਿਥੋਂ ਮੜੀ ਵਾਸਤੇ। ਦੱਸੋ ਫੇਰ ਕਿਦਾਂ ਸਸਕਾਰ ਕਰੋਗੇ। ਇਤਨਾ ਮਸੂਲ ਤੁਸੀਂ ਕਿਥੋ ਭਰੋਗੇ। ਤਿੰਨੇ ਲੋਥਾਂ ਜਿੰਨੇ ਥਾਂ ਉਤੇ ਲਟਾ ਦਿਉ। ਉਨ੍ਹੇ ਥਾਂ ਤੇ ਮੋਹਰਾਂ ਨਿਰੀਆਂ ਵਛਾ ਦਿਉ। ਕਰਨਾ ਜ਼ਰੂਰ ਜੇ ਹੈ ਸਸਕਾਰ ਜੀ। ਇਤਨੀ ਰਕਮ ਕਰ ਲੌ ਤਿਆਰ ਜੀ। ਹੌਂਸਲਾ ਤੁਹਾਡਾ ਜੇ ਨਹੀਂ ਏਨੇ ਤੱਕਦਾ। ਜਾਨ ਲੌ ਯਕੀਨ ਲੋਥਾਂ ਦੇ ਨਹੀਂ ਸੱਕਦਾ। ਸੁਨਕੇ ਏਹ ਗਲ ਸਾਹੇ ਕਹਿੰਦੇ ਬੋਲ ਜੀ। ਲੈਣੀਆਂ ਨੇ ਲੋਥਾਂ ਸੋਨਾ ਲੈ ਲੌ ਤੋਲ ਜੀ। ਲੇਕੇ ਏਹ ਹੁਕਮ ਲੋਥਾਂ ਨੂੰ ਲੈ ਆਏ ਜੀ। ਮੋਹਰਾਂ ਦੇ ਫਰਸ਼ ਨਾਪ ਕੇ ਵਿਛਾਏ ਜੀ। ਚੰਦਨ ਦੀ ਚਿਖਾ ਕਰਕੇ ਤਿਆਰ ਜੀ। ਉਤੇ ਤਿੰਨੇ ਦੇਹਾਂ ਰੱਖੀਆਂ ਸੁਵਾਰ ਜੀ। ਰੋਂਵਦੇ ਤਮਾਮ ਧਾਹੀ ਮਾਰ ਮਾਰ ਕੇ। ਨੇਤਰਾਂ ਚੋਂ ਗੰਗਾ ਜਮਨਾ ਉਛਾਲਕੇ। ਰੇਸ਼ਮੀ ਦੁਸ਼ਾਲੇ ਤਿੰਨਾਂ ਉਤੇ ਪਾਏ ਨੇ। ਕੀਤੀ ਅਰਦਾਸ ਸੀਸ ਨੂੰ ਨੁਵਾਏ ਕੇ। ਪੰਜਾਂ ਸਿਖਾਂ ਲੰਬੂ ਫੇਰ ਸੀ ਲਗਾਇਆ ਜੀ। ਵਾਹਿਗੁਰੂ ਦਾ ਭਾਣਾ ਸਿਰ ਤੇ ਮਨਾਇਆ ਜੀ। ਪਿਛੋਂ ਖੜੀ ਕਰ ਉਸ ਥਾਂ ਸਮਾਧ ਜੀ। ਕਾਇਮ ਕੀਤੀ ਸਾਹਿਬਜ਼ਾਦਿਆਂ ਦੀ 'ਯਾਦ ਜੀ। ਬਰਕਤ ਸਿੰਘਾ ਫਤਹਿ ਗੜ੍ਹ ਨਾਮ ਸਜਦਾ। ਹਰ ਸਾਲ ਤੇਰਾਂ ਪੋਹ ਨੂੰ ਮੇਲਾ ਲਗਦਾ। ਦਰਸ਼ਨ ਪ੍ਰੇਮ ਨਾਲ ਜੇਹੜੇ ਪਾਨ ਜੀ ਦੇਵੇ ਗੁਰੂ ਉਹਨਾਂ ਨੂੰ ਸਿਖੀ ਦਾ ਦਾਨ ਜੀ। ॥ ਸੰਪੂਰਨੰ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org